ਫੈਮਲੀ ਹੈਂਡਬੁੱਕ

# ਨਵੀਂ ਤਸ਼ਖੀਸ ਗਾਈਡ ਅਨੁਵਾਦ

# ਮਾਨਤਾਵਾਂ

**ਐਡੀਟਰ**

ਜਨੀਨ ਸੁਲੇਵਨ ਐੱਮ.ਐੱਸ.ਐੱਨ., ਆਰ.ਐੱਨ.
ਕੈਥਰਿਨ ਟੌਮਲਿਨਸਨ ਬੀ.ਐੱਸ.ਐੱਨ.,
ਆਰ.ਐੱਨ.

**ਜਾਂਚਕਰਤਾ**

ਸੀ.ਓ.ਜੀ. ਗਰੁੱਪ ਚੇਅਰ, ਪੀਟਰ ਐਡਮਸਨ ਐੱਮ.ਡੀ.
ਸੀ.ਓ.ਜੀ. ਨਰਸਿੰਗ ਸਟੀਅਰਿੰਗ ਕਮੇਟੀ, ਵੈਂਡੀ ਲੈਂਡੀਅਰ ਪੀ.ਐੱਚ.ਡੀ., ਆਰ. ਐੱਨ. – ਚੇਅਰ ਸੀ.ਓ.ਜੀ.
ਹੀਮਾਟਾਲੋਜੀ/ਆਨਕਾਲੋਜੀ ਕਮੇਟੀ, ਨਾਓਮੀ ਵਿਨਿੱਕ ਐੱਮ.ਡੀ. – ਚੇਅਰ ਸੀ.ਓ.ਜੀ. ਪੇਸ਼ੈਂਟ
ਐਡਵੋਕੇਸੀ ਕਮੇਟੀ, ਕ੍ਰਿਸਟੀ ਸ਼ਰੀਫ਼ – ਚੇਅਰ
ਸੀ.ਓ.ਜੀ. ਬੀਹੇਵੀਅਰਲ ਸਾਇੰਸ ਕਮੇਟੀ, ਲੀਐਨ ਐਂਬਰੀ ਪੀ.ਐੱਚ.ਡੀ. - ਚੇਅਰ

**ਗ੍ਰਾਫਿਕ ਡਿਜ਼ਾਈਨ**

ਐਨ ਮੋਏਰਟੈਲ

**ਮੈਡੀਕਲ ਚਿੱਤਰ**

ਟੈਰੀਸ ਵਿਨਸਲੋ

ਪ੍ਰਿੰਟਿੰਗ ਅਤੇ ਉਤਪਾਦਨ ਨਾਲ ਸੰਬੰਧਤ ਖ਼ਰਚਿਆਂ ਵਿੱਚ ਖੁੱਲ੍ਹੇ ਦਿਲ ਨਾਲ ਸਹਾਇਤਾ ਲਈ ਸੇਂਟ ਬਾਲਡਰਿਕਸ ਫਾਊਂਡੇਸ਼ਨ ਦਾ ਵਿਸ਼ੇਸ਼ ਧੰਨਵਾਦ।

ਬੱਚਿਆਂ ਦੇ ਆਨਕਾਲੋਜੀ ਗਰੁੱਪ ਦੀ ਪਰਿਵਾਰਕ ਹੈਂਡਬੁੱਕ ਨਵੀਂ ਤਸ਼ਖੀਸ (ਰੋਗ ਦੀ ਪਛਾਣ) ਗਾਈਡ ਤੋਂ ਲਿਆ ਗਿਆ, © ਚਿਲਡਰਨ'ਜ਼ ਆਨਕਾਲੋਜੀ ਗਰੁੱਪ 2018; ਇਜਾਜ਼ਤ ਨਾਲ ਇਸਤੇਮਾਲ ਕੀਤਾ ਗਿਆ। ਇਹ ਅਨੁਵਾਦ ਪੀ.ਐੱਚ.ਐੱਸ.ਏ. ਦੁਆਰਾ ਕੇਵਲ ਜਾਣਕਾਰੀ ਦੇ ਮਕਸਦ ਵਾਸਤੇ ਹੀ ਉਪਲਬਧ ਕਰਵਾਇਆ ਗਿਆ ਹੈ, ਅਤੇ ਇਸ ਨੂੰ ਬੱਚਿਆਂ ਦੀ ਆਨਕਾਲੋਜੀ ਗਰੁੱਪ *ਫੈਮਲੀ ਹੈਂਡਬੁੱਕ* ਅਤੇ *ਨਵੀਂ ਤਸ਼ਖੀਸ ਗਾਈਡ ਅਨੁਵਾਦ* ਨੀਤੀ ਦੀ ਪਾਲਣਾ ਕਰਦੇ ਹੋਏ ਪ੍ਰਕਾਸ਼ਿਤ ਗਿਆ ਹੈ। ਚਿਲਡਰਨ'ਜ਼ ਆਨਕਾਲੋਜੀ ਗਰੁੱਪ ਅਨੁਵਾਦ ਕੀਤੀ ਸਮੱਗਰੀ ਦੇ ਸਬੰਧ ਵਿੱਚ ਸਿੱਧੇ ਜਾਂ ਅਸਿੱਧੇ ਤੌਰ 'ਤੇ ਕਿਸੇ ਵੀ ਕਿਸਮ ਦੀ ਕੋਈ ਵਰੰਟੀ ਨਹੀਂ ਦਿੰਦਾ, ਅਤੇ ਕਿਸੇ ਵੀ ਗਲਤ ਤਰੀਕੇ ਨਾਲ ਅਨੁਵਾਦ ਕੀਤੀ ਜਾਣਕਾਰੀ ਵਾਸਤੇ ਕਿਸੇ ਵੀ ਦੇਣਦਾਰੀ ਦਾ ਦਾਅਵਾ ਤਿਆਗ ਕਰਦਾ ਹੈ। ਪੀ.ਐੱਚ.ਐੱਸ.ਏ. ਇਸ ਪ੍ਰਕਾਸ਼ਨ ਦੀ ਸਮੱਗਰੀ ਅਤੇ ਅਨੁਵਾਦ ਵਾਸਤੇ ਪੂਰੀ ਜ਼ਿੰਮੇਵਾਰੀ ਲੈਂਦਾ ਹੈ।

"Adapted from the Children's Oncology Group Family Handbook New Diagnosis Guide, © Children's Oncology Group 2018; used with permission. This translation is made available by PHSA for informational purposes only, and is published pursuant to the Children's Oncology Group *Family Handbook* and *New Diagnosis Guide Translation* Policy. The Children's Oncology Group makes no warranty, expressed or implied, of any kind in relation to the translated material, and disclaims any liability for any incorrectly translated information. PHSA takes full responsibility for the content and translation of this publication."

## ਚਿਲਡਰਨ'ਜ਼ ਆਨਕਾਲੋਜੀ ਗਰੁੱਪ

# ਫੈਮਲੀ ਹੈਂਡਬੁੱਕ

*ਨਵੀਂ ਤਸ਼ਖੀਸ (ਰੋਗ ਦੀ ਪਛਾਣ) ਗਾਇਡ*

# ਜਾਣ-ਪਛਾਣ

***ਇਹ ਗਾਈਡ ਉਨ੍ਹਾਂ ਮਰੀਜ਼ਾਂ ਅਤੇ ਪਰਿਵਾਰਾਂ ਵਾਸਤੇ ਲਿਖੀ ਗਈ ਹੈ ਜੋ ਕੈਂਸਰ ਦੀ ਨਵੀਂ ਕੀਤੀ ਗਈ ਪਛਾਣ ਬਾਰੇ ਸਿੱਖ ਰਹੇ ਹਨ। ਜੇ ਤੁਸੀਂ ਕੈਂਸਰ ਨਾਲ ਪੀੜਤ ਅੱਲ੍ਹੜ ਉਮਰ ਦੇ ਮੁੰਡੇ-ਕੁੜੀ ਜਾਂ ਜਵਾਨ ਬਾਲਗ ਹੋ ਅਤੇ ਇਸ ਗਾਈਡ ਨੂੰ ਪੜ੍ਹ ਰਹੇ ਹੋ ਤਾਂ ਅਸੀਂ ਤੁਹਾਡਾ ਸਵਾਗਤ ਕਰਦੇ ਹਾਂ। ਜਿਹੜੀ ਜਾਣਕਾਰੀ "ਤੁਹਾਡੇ ਬੱਚੇ" ਵੱਲ ਨਿਰਦੇਸ਼ਿਤ ਹੈ, ਉਹ ਤੁਹਾਡੀ ਦੇਖਭਾਲ ਨਾਲ ਸੰਬੰਧਤ ਜਾਣਕਾਰੀ ਹੈ।***

ਕੈਂਸਰ ਦੀ ਪਛਾਣ ਕੀਤੇ ਜਾਣ ਨਾਲ ਤੁਹਾਡੇ ਜੀਵਨ ਅਤੇ ਤੁਹਾਡੇ ਪੂਰੇ ਪਰਿਵਾਰ ਦੇ ਜੀਵਨ ਵਿੱਚ ਬਦਲਾਅ ਆਉਂਦਾ ਹੈ। ਤਣਾਅਪੂਰਨ ਤਜਰਬਿਆਂ ਨਾਲ ਸਿੱਝਣ ਲਈ ਹਰੇਕ ਪਰਿਵਾਰ ਦੇ ਆਪੋ-ਆਪਣੇ ਤਰੀਕੇ ਹੁੰਦੇ ਹਨ। ਅਨੇਕਾਂ ਪਰਿਵਾਰਾਂ ਨੇ ਸਾਨੂੰ ਦੱਸਿਆ ਹੈ ਕਿ ਉਨ੍ਹਾਂ ਦੇ ਬੱਚੇ ਨੂੰ ਕੈਂਸਰ ਹੋਣ ਦੀ ਪੁਸ਼ਟੀ ਕੀਤੇ ਜਾਣ ਨਾਲ ਪਰਿਵਰ ਦੇ ਮਨ ਵਿੱਚ ਡਰ, ਗੁੱਸਾ, ਉਦਾਸੀ ਅਤੇ ਆਪਣੇ ਆਪ ਨੂੰ ਕਸੂਰਵਾਰ ਸਮਝਣ ਦੀਆਂ ਭਾਵਨਾਵਾਂ ਉਪਜਦੀਆਂ ਹਨ। ਇਸ ਤਣਾਅ ਭਰੇ ਸਮੇਂ ਦੌਰਾਨ ਅਜਿਹੀਆਂ ਭਾਵਨਾਵਾਂ ਹੋਣੀਆਂ ਆਮ ਗੱਲ ਹੈ। ਇਸ ਵਿੱਚ ਤੁਸੀਂ ਇਕੱਲੇ ਨਹੀਂ ਹੋ।

ਤੁਹਾਨੂੰ ਇਸ ਸਮੇਂ ਬਹੁਤ ਸਾਰੀ ਜਾਣਕਾਰੀ ਮਿਲ ਰਹੀ ਹੈ। ਜਦੋਂ ਤੁਸੀਂ ਪਹਿਲਾਂ ਹੀ ਸੰਭਾਵਤ ਤੌਰ 'ਤੇ ਬੇਚੈਨ ਮਹਿਸੂਸ ਕਰ ਰਹੇ ਹੋ, ਉਦੋਂ ਤੁਹਾਨੂੰ ਡਾਕਟਰੀ ਵਿਸ਼ਿਆਂ ਅਤੇ ਦੇਖਭਾਲ ਬਾਰੇ ਜਾਣਨ ਲਈ ਕਿਹਾ ਜਾ ਰਿਹਾ ਹੈ। *ਨਵੀਂ ਤਸ਼ਖ਼ੀਸ (ਰੋਗ ਦੀ ਪਛਾਣ) ਵਾਲੀ ਇਸ ਗਾਈਡ* ਨੂੰ ਇਸ ਲਈ ਤਿਆਰ ਕੀਤਾ ਗਿਆ ਸੀ ਤਾਂ ਕਿ ਤੁਹਾਡੇ ਬੱਚੇ ਵਿੱਚ ਰੋਗ ਦੀ ਪੁਸ਼ਟੀ ਕੀਤੇ ਜਾਣ ਤੋਂ ਤੁਰੰਤ ਬਾਅਦ ਵਾਲੇ ਇਸ ਸਮੇਂ ਦੌਰਾਨ ਸਭ ਤੋਂ ਮਹੱਤਵਪੂਰਣ ਜਾਣਕਾਰੀ 'ਤੇ ਧਿਆਨ ਕੇਂਦਰਿਤ ਕਰਨ ਵਿੱਚ ਤੁਹਾਡੀ ਮਦਦ ਕੀਤੀ ਜਾ ਸਕੇ। ਆਪਣੀ ਸਿਹਤ ਸੰਭਾਲ ਟੀਮ ਨਾਲ ਕੰਮ ਕਰਨ ਅਤੇ ਇੱਕ ਸਮੇਂ ਵਿੱਚ ਇੱਕ ਕਦਮ ਚੁੱਕਣ ਨਾਲ, ਤੁਸੀਂ ਸਿੱਖੋਗੇ ਕਿ ਤੁਹਾਡੇ ਬੱਚੇ ਦੀ ਦੇਖਭਾਲ ਲਈ ਤੁਹਾਨੂੰ ਕੀ ਜਾਣਨ ਦੀ ਲੋੜ ਹੈ। ਇਹ ਗਾਈਡ ਸਿਖਲਾਈ ਨਾਲ ਤੁਹਾਡੀ ਜਾਣ-ਪਛਾਣ ਕਰਵਾਉਂਦੀ ਹੈ। ਤੁਹਾਡੇ ਬੱਚੇ ਦੇ ਟ੍ਰੀਟਮੈਂਟ ਦੌਰਾਨ ਤੁਹਾਡੀ ਸਿਹਤ ਸੰਭਾਲ ਟੀਮ ਤੁਹਾਡੇ ਨਾਲ ਮਹੱਤਵਪੂਰਣ ਜਾਣਕਾਰੀ ਦੀ ਸਮੀਖਿਆ ਕਰਨੀ ਜਾਰੀ ਰੱਖੇਗੀ। ਤੁਸੀਂ ਆਪਣੀ ਸਿਹਤ ਸੰਭਾਲ ਟੀਮ ਦੇ ਕਿਸੇ ਵੀ ਮੈਂਬਰ ਤੋਂ ਕਦੇ ਵੀ ਬੇਝਿਜਕ ਹੋ ਕੇ ਸਵਾਲ ਪੁੱਛ ਸਕਦੇ ਹੋ।

ਵੱਖ-ਵੱਖ ਉਮਰਾਂ ਦੇ ਬੱਚੇ ਕੈਂਸਰ ਅਤੇ ਇਸ ਦੇ ਟ੍ਰੀਟਮੈਂਟ ਨੂੰ ਵੱਖੋ-ਵੱਖਰੇ ਢੰਗ ਨਾਲ ਸਮਝਦੇ ਹਨ ਅਤੇ ਉਨ੍ਹਾਂ ਦੀ ਵੱਖੋ-ਵੱਖਰੀ ਪ੍ਰਤੀਕਿਰਿਆ ਹੁੰਦੀ ਹੈ। ਤੁਹਾਡੇ ਬੱਚੇ ਦੀ ਸ਼ਖਸੀਅਤ, ਹਾਲਾਤ ਨਾਲ ਨਜਿੱਠਣ ਦਾ ਤਰੀਕਾ, ਸਹਾਇਤਾ ਪ੍ਰਣਾਲੀ, ਟ੍ਰੀਟਮੈਂਟ ਯੋਜਨਾ, ਅਤੇ ਨਾਲ ਹੀ ਬੱਚੇ ਦੀ ਉਮਰ ਜਾਂ ਵਿਕਾਸ ਦੇ ਪੱਧਰ ਦਾ ਇਸ ਗੱਲ ਉੱਪਰ ਪ੍ਰਭਾਵ ਪਏਗਾ ਕਿ ਤੁਹਾਡਾ ਬੱਚਾ ਕੈਂਸਰ ਨਾਲ ਕਿਵੇਂ ਨਜਿੱਠਦਾ ਹੈ। ਅਕਸਰ ਮਾਪਿਆਂ ਨੂੰ ਆਪਣੇ ਬੱਚੇ ਨੂੰ ਕੈਂਸਰ ਬਾਰੇ ਦੱਸਣਾ ਔਖਾ ਲੱਗਦਾ ਹੈ। ਸਾਲਾਂ ਦੇ ਤਜਰਬੇ ਤੋਂ ਅਸੀਂ ਜਾਣਦੇ ਹਾਂ ਕਿ ਆਪਣੇ ਬੱਚੇ ਨੂੰ ਸੱਚ ਨਾ ਦੱਸਣਾ ਨੁਕਸਾਨਦੇਹ ਹੋ ਸਕਦਾ ਹੈ। ਜਦੋਂ ਕੁੱਝ ਗ਼ਲਤ ਹੋ ਰਿਹਾ ਹੋਵੇ ਉਦੋਂ ਬੱਚੇ ਤੁਰੰਤ ਭਾਂਪ ਲੈਂਦੇ ਹਨ। ਉਨ੍ਹਾਂ ਨੂੰ ਇਹ ਵਿਸ਼ਵਾਸ ਹੋਣਾ ਜ਼ਰੂਰੀ ਹੈ ਕਿ ਮਾਪੇ ਉਨ੍ਹਾਂ ਨੂੰ ਹਮੇਸ਼ਾ ਸੱਚ ਦੱਸਣਗੇ। ਤੁਹਾਡੀ ਸਿਹਤ ਸੰਭਾਲ ਟੀਮ ਦੇ ਮੈਂਬਰ ਤੁਹਾਡੇ ਬੱਚੇ ਨਾਲ ਉਸ ਵਿੱਚ ਕੀਤੀ ਗਈ ਕੈਂਸਰ ਦੀ ਪਛਾਣ ਬਾਰੇ ਗੱਲ ਕਰਨ ਵਿੱਚ ਤੁਹਾਡੀ ਮਦਦ ਕਰਨ ਲਈ ਉਪਲੱਬਧ ਹਨ। ਸਿਹਤ ਸੰਭਾਲ ਟੀਮ ਦੇ ਮੈਂਬਰ ਕਾਊਂਸਲਿੰਗ, ਵਿੱਤੀ ਸਹਾਇਤਾ, ਅਤੇ ਸਰੋਤਾਂ ਤਕ ਪਹੁੰਚ ਕਰਵਾਉਣ ਵਿੱਚ ਤੁਹਾਡੀ ਅਤੇ ਤੁਹਾਡੇ ਬੱਚੇ ਦੀ ਮਦਦ ਵੀ ਕਰ ਸਕਦੇ ਹਨ। ਆਪਣੀਆਂ ਜ਼ਰੂਰਤਾਂ ਬਾਰੇ ਆਪਣੀ ਸਿਹਤ ਸੰਭਾਲ ਟੀਮ ਨਾਲ ਗੱਲ ਕਰੋ ਤਾਂ ਕਿ ਤੁਹਾਨੂੰ ਸਹੀ ਸਹਾਇਤਾ ਮਿਲ ਸਕੇ।

**ਆਨਲਾਈਨ ਡਾਊਨਲੋਡ ਕਰੋ**

ਪ੍ਰਿੰਟ ਕੀਤੀਆਂ ਕਾਪੀਆਂ ਤੋਂ ਇਲਾਵਾ, *ਚਿਲਡਰਨਜ਼ ਆਨਕਾਲੋਜੀ ਗਰੁੱਪ ਫੈਮਲੀ ਹੈਂਡਬੁੱਕ* ਅਤੇ *ਨਵੀਂ ਤਸ਼ਖ਼ੀਸ ਗਾਈਡ* ਨੂੰ Childrensoncologygroup.org/cog-family-handbook 'ਤੇ ਦੇਖਿਆ ਜਾ ਸਕਦਾ ਹੈ ਅਤੇ ਵੈੱਬਸਾਈਟ ਤੋਂ ਕਿਸੇ ਵੀ ਈ-ਰੀਡਰ 'ਤੇ ਡਾਊਨਲੋਡ ਕੀਤਾ ਜਾ ਸਕਦਾ ਹੈ।

# ਟ੍ਰੀਟਮੈਂਟ ਦੀ ਸੰਖੇਪ ਜਾਣਕਾਰੀ

ਆਪਣੇ ਡਾਕਟਰ ਜਾਂ ਨਰਸ ਨੂੰ ਇਹ ਫਾਰਮ ਭਰਨ ਲਈ ਕਹੋ।

**ਮਰੀਜ਼ ਦਾ ਨਾਂ**

**ਰੋਗ ਦੀ ਪਛਾਣ**

## ਇਲਾਜ ਵਿੱਚ ਸੰਭਾਵੀ ਤੌਰ 'ਤੇ ਸ਼ਾਮਲ ਹੋਵੇਗਾ

- ☐ ਕੀਮੋਥੈਰੇਪੀ (ਕੈਂਸਰ ਸੈੱਲਾਂ ਨੂੰ ਮਾਰਨ ਲਈ ਦਵਾਈਆਂ)
- ☐ ਇਮਯੂਨੋਥੈਰੇਪੀ (ਕੈਂਸਰ ਨਾਲ ਲੜਨ ਲਈ ਸਰੀਰ ਦੀ ਸਮਰੱਥਾ ਨੂੰ ਵਧਾਉਣ ਲਈ ਦਵਾਈਆਂ)
- ☐ ਰੇਡੀਏਸ਼ਨ ਥੈਰੇਪੀ (ਕੈਂਸਰ ਸੈੱਲਾਂ ਨੂੰ ਮਾਰਨ ਲਈ ਉੱਚ ਊਰਜਾ ਐਕਸ-ਰੇਅ)
- ☐ ਸਰਜਰੀ (ਟਿਊਮਰ ਨੂੰ ਹਟਾਉਣ ਲਈ ਆਪਰੇਸ਼ਨ)
- ☐ ਹੋਰ

## ਟ੍ਰੀਟਮੈਂਟ ਦਾ ਸਕੈਜੂਅਲ

ਟ੍ਰੀਟਮੈਂਟ ਦੀ ਸ਼ੁਰੂਆਤ ਹੋਵੇਗੀ

ਟ੍ਰੀਟਮੈਂਟ ਇੰਨਾ ਚਿਰ ਚੱਲੇਗਾ

## ਟ੍ਰੀਟਮੈਂਟ ਦਾ ਸਥਾਨ

- ☐ ਟ੍ਰੀਟਮੈਂਟ ਹਸਪਤਾਲ ਵਿੱਚ ਹੋਵੇਗਾ (ਰਾਤ ਨੂੰ ਦਾਖ਼ਲ ਰਹਿਣਾ ਪਏਗਾ)
- ☐ ਟ੍ਰੀਟਮੈਂਟ ਕਲੀਨਿਕ ਵਿੱਚ ਹੋਣਗੇ (ਦਿਨ ਵਿੱਚ ਆਓ ਅਤੇ ਉਸੇ ਦਿਨ ਘਰ ਜਾਓ)

## ਮੇਰੀ ਸਿਹਤ ਸੰਭਾਲ ਟੀਮ

ਡਾਕਟਰ

ਨਰਸ/ਸਾਂ

ਹੋਰ

## ਮੈਂ ਆਪਣੀ ਸਿਹਤ ਸੰਭਾਲ ਟੀਮ ਨਾਲ ਕਿਵੇਂ ਸੰਪਰਕ ਕਰਾਂ

ਦਿਨ ਦੇ ਸਮੇਂ

ਕੰਮ ਤੋਂ ਬਾਅਦ

ਆਨਕਾਲੋਜੀ ਕਲੀਨਿਕ

ਇਨਪੇਸ਼ੈਂਟ ਯੂਨਿਟ

ਹੋਮ ਕੇਅਰ ਕੰਪਨੀ

ਹੋਰ

ਨਵੀਂ
ਤਸ਼ਖੀਸ
ਗਾਈਡ

# ਕੈਂਸਰ ਅਤੇ ਇਸ ਦੇ ਟ੍ਰੀਟਮੈਂਟ ਬਾਰੇ ਜਾਣਕਾਰੀ

## ਕੈਂਸਰ ਕੀ ਹੈ

ਕੈਂਸਰ ਰੋਗਾਂ ਦੇ ਸਮੂਹ ਦਾ ਇੱਕ ਨਾਮ ਹੈ। ਹਰ ਕਿਸਮ ਦੇ ਕੈਂਸਰ ਦਾ ਆਪਣਾ ਨਾਮ, ਟ੍ਰੀਟਮੈਂਟ ਅਤੇ ਪੂਰਵ-ਅਨੁਮਾਨ (ਟ੍ਰੀਟਮੈਂਟ ਦੇ ਅਸਰਦਾਰ ਹੋਣ ਦੇ ਆਸਾਰ) ਹੁੰਦਾ ਹੈ। ਬੱਚਿਆਂ ਵਿੱਚ ਹੋਣ ਵਾਲੇ ਕੈਂਸਰ ਨੂੰ ਆਮ ਤੌਰ 'ਤੇ ਤਿੰਨ ਸਮੂਹਾਂ ਵਿੱਚ ਵੰਡਿਆ ਜਾ ਸਕਦਾ ਹੈ:

- ਲੂਕੀਮੀਆ (ਖ਼ੂਨ ਬਣਾਉਣ ਵਾਲੇ ਸੈੱਲਾਂ ਦਾ ਕੈਂਸਰ)
- ਲਿਮਫੋਮਾਜ਼ (ਇਮਿਊਨ ਸਿਸਟਮ ਦਾ ਕੈਂਸਰ)
- ਠੋਸ ਟਿਊਮਰ (ਦਿਮਾਗ, ਹੱਡੀਆਂ, ਮਾਸਪੇਸ਼ੀਆਂ, ਅੰਗਾਂ, ਜਾਂ ਸਰੀਰ ਦੇ ਹੋਰ ਟਿਸ਼ੂਆਂ ਦੇ ਕੈਂਸਰ)

## ਕੈਂਸਰ ਦਾ ਟ੍ਰੀਟਮੈਂਟ ਕਿਵੇਂ ਕੀਤਾ ਜਾਂਦਾ ਹੈ?

ਬਚਪਨ ਵਿੱਚ ਹੋਣ ਵਾਲੇ ਹਰ ਕਿਸਮ ਦੇ ਕੈਂਸਰ ਦਾ ਟ੍ਰੀਟਮੈਂਟ ਵੱਖਰੇ ਢੰਗ ਨਾਲ ਕੀਤਾ ਜਾਵੇਗਾ ਜੋ ਕਿ ਇਸ ਗੱਲ ’ਤੇ ਨਿਰਭਰ ਕਰੇਗਾ ਕਿ ਡਾਕਟਰਾਂ ਮੁਤਾਬਕ ਕੈਂਸਰ ਦੀ ਉਸ ਕਿਸਮ ਲਈ ਸਭ ਤੋਂ ਵਧੀਆ ਟ੍ਰੀਟਮੈਂਟ ਕਿਹੜਾ ਹੈ। ਤੁਹਾਡੇ ਬੱਚੇ ਨੂੰ ਉਸ ਦੀ ਥੈਰੇਪੀ ਵਿੱਚ ਵੱਖ-ਵੱਖ ਸਮਿਆਂ ’ਤੇ ਇੱਕ ਜਾਂ ਹੇਠਾਂ ਦਿੱਤੇ ਇਲਾਜਾਂ ਦਾ ਸੁਮੇਲ ਪ੍ਰਾਪਤ ਹੋ ਸਕਦਾ ਹੈ।

### ਕੀਮੋਥੈਰੇਪੀ

ਕੀਮੋਥੈਰੇਪੀ ਉਹ ਦਵਾਈ ਹੈ ਜੋ ਸੈੱਲਾਂ ਨੂੰ ਵਧਣ ਤੋਂ ਰੋਕ ਕੇ, ਜਾਂ ਸੈੱਲਾਂ ਨੂੰ ਨਸ਼ਟ ਕਰਕੇ ਕੈਂਸਰ ਦਾ ਟ੍ਰੀਟਮੈਂਟ ਕਰਦੀ ਹੈ। ਕੀਮੋਥੈਰੇਪੀ ਕਈ ਤਰੀਕਿਆਂ ਨਾਲ ਦਿੱਤੀ ਜਾ ਸਕਦੀ ਹੈ ਜਿਸ ਵਿੱਚ ਹੇਠ ਲਿਖੇ ਤਰੀਕੇ ਸ਼ਾਮਲ ਹਨ:

- ਮੂੰਹ ਰਾਹੀਂ
- ਨਾੜ ਅੰਦਰ
- ਇੱਕ ਟੀਕੇ (ਲੋੜ) ਵਜੋਂ
- ਰੀੜ੍ਹ ਦੀ ਹੱਡੀ ਦੇ ਤਰਲ ਵਿੱਚ

ਆਪਣੀ ਸਿਹਤ ਸੰਭਾਲ ਟੀਮ ਨਾਲ ਗੱਲ ਕਰੋ ਕਿ ਤੁਹਾਡੇ ਬੱਚੇ ਨੂੰ ਕੀਮੋਥੈਰੇਪੀ ਕਿਹੜੇ ਤਰੀਕੇ ਨਾਲ ਪ੍ਰਦਾਨ ਕੀਤੀ ਜਾਵੇਗੀ।

### ਇਮਿਊਨੋਥੈਰੇਪੀ

ਇਮਿਊਨੋਥੈਰੇਪੀ ਕੈਂਸਰ ਨਾਲ ਲੜਨ ਲਈ ਇਮਿਊਨ ਸਿਸਟਮ (ਇਨਫੈਕਸ਼ਨ ਨਾਲ ਲੜਨ ਵਾਲੇ ਸੈੱਲ) ਜਾਂ ਇਮਿਊਨ ਸੈੱਲਾਂ ਤੋਂ ਲੈਬਾਰਟਰੀ ਵਿੱਚ ਬਣਾਈਆਂ ਦਵਾਈਆਂ ਦੀ ਵਰਤੋਂ ਕਰਦੀ ਹੈ। ਇਮਿਊਨੋਥੈਰੇਪੀ ਇਨ੍ਹਾਂ ਤਰੀਕਿਆਂ ਨਾਲ ਦਿੱਤੀ ਜਾ ਸਕਦੀ ਹੈ:

- ਮੂੰਹ ਰਾਹੀਂ
- ਨਾੜ ਅੰਦਰ

ਆਪਣੀ ਸਿਹਤ ਸੰਭਾਲ ਟੀਮ ਨਾਲ ਗੱਲ ਕਰੋ ਕਿ ਤੁਹਾਡੇ ਬੱਚੇ ਨੂੰ ਇਮਿਊਨੋਥੈਰੇਪੀ ਕਿਹੜੇ ਤਰੀਕੇ ਨਾਲ ਪ੍ਰਦਾਨ ਕੀਤੀ ਜਾਵੇਗੀ।

### ਰੇਡੀਏਸ਼ਨ ਥੈਰੇਪੀ

ਰੇਡੀਏਸ਼ਨ ਥੈਰੇਪੀ ਉੱਚ ਊਰਜਾ ਵਾਲੇ ਐਕਸ-ਰੇਅ ਪ੍ਰਦਾਨ ਕਰਕੇ ਤੇਜ਼ੀ ਨਾਲ ਵਧ ਰਹੇ ਸੈੱਲਾਂ, ਜਿਵੇਂ ਕਿ ਕੈਂਸਰ ਸੈੱਲਾਂ 'ਤੇ ਹਮਲਾ ਕਰਕੇ ਉਨ੍ਹਾਂ ਨੂੰ ਨਸ਼ਟ ਕਰਦੀ ਹੈ।

### ਸਰਜਰੀ


ਕੈਂਸਰ ਦੇ ਟ੍ਰੀਟਮੈਂਟ ਲਈ ਵੱਖ-ਵੱਖ ਤਰ੍ਹਾਂ ਦੀਆਂ ਸਰਜਰੀਆਂ ਦੀ ਵਰਤੋਂ ਕੀਤੀ ਜਾਂਦੀ ਹੈ। ਕਈ ਵਾਰੀ ਹੋ ਸਕਦਾ ਹੈ ਕਿ ਟ੍ਰੀਟਮੈਂਟ ਲਈ ਸਿਰਫ਼ ਟਿਊਮਰ ਨੂੰ ਬਾਹਰ ਕੱਢਣ ਦੀ ਹੀ ਲੋੜ ਹੋਵੇ। ਆਮ ਤੌਰ 'ਤੇ ਕੀਮੋਥੈਰੇਪੀ, ਇਮਯੂਨੋਥੈਰੇਪੀ, ਜਾਂ ਰੇਡੀਏਸ਼ਨ ਦੀ ਵਰਤੋਂ ਸਰੀਰ ਵਿੱਚ ਫਿਰ ਵੀ ਬਾਕੀ ਰਹਿ ਜਾਣ ਵਾਲੇ ਕੈਂਸਰ ਸੈੱਲਾਂ ਨੂੰ ਨਸ਼ਟ ਕਰਨ ਲਈ ਕੀਤੀ ਜਾਂਦੀ ਹੈ।

### ਸੈਂਟ੍ਰਲ ਵੀਨਸ ਲਾਈਨਾਂ (ਸੀ.ਵੀ.ਐੱਲ.ਐੱਸ.)

ਸੈਂਟ੍ਰਲ ਵੀਨਸ ਲਾਈਨ ਨਾੜੀ ਰਾਹੀਂ ਕੀਮੋਥੈਰੇਪੀ ਸਮੇਤ ਦਵਾਈਆਂ ਦੇਣ ਦਾ ਇੱਕ ਸੁਰੱਖਿਅਤ ਤਰੀਕਾ ਪ੍ਰਦਾਨ ਕਰਦੀ ਹੈ। ਸੈਂਟ੍ਰਲ ਵੀਨਸ ਲਾਈਨ ਦੀਆਂ ਵੱਖ-ਵੱਖ ਕਿਸਮਾਂ ਨੂੰ ਅਗਲੇ ਪੰਨੇ ਤੇ ਦਰਸਾਇਆ ਗਿਆ ਹੈ।
ਜੇ ਤੁਹਾਡੇ ਬੱਚੇ ਨੂੰ ਪੀ.ਆਈ.ਸੀ.ਸੀ. (ਪੈਰੀਫਰਲੀ ਇਨਸਰਟਿਡ ਸੈਂਟਰਲ ਕੈਥੇਟਰ), ਜਾਂ ਬਾਹਰੀ ਸੀ.ਵੀ.ਐੱਲ. ਲਗਾਈ ਗਈ ਹੈ, ਤਾਂ ਨਰਸ ਵੱਲੋਂ ਤੁਹਾਨੂੰ ਸਿਖਾਇਆ ਜਾਵੇਗਾ ਕਿ ਘਰ ਵਿੱਚ ਇਸ ਲਾਈਨ ਦੀ ਦੇਖਭਾਲ ਕਿਵੇਂ ਕਰਨੀ ਹੈ। ਜੇ ਤੁਹਾਡੇ ਬੱਚੇ ਨੂੰ ਦਵਾਈ ਜਾਂ ਖੁਰਾਕ ਦੇਣ ਵਾਲੀ ਨਲ਼ੀ (ਪੋਰਟ) ਲੱਗੀ ਹੋਈ ਹੈ ਤਾਂ ਬੱਚੇ ਨੂੰ ਕਲੀਨਿਕ ਜਾਂ ਐਮਰਜੰਸੀ ਰੂਮ ਵਿੱਚ ਲਿਆਉਣ ਤੋਂ ਪਹਿਲਾਂ ਤੁਹਾਨੂੰ ਪੋਰਟ ਦੇ ਉੱਪਰ ਵਾਲੀ ਚਮੜੀ ਉੱਪਰ ਸੁੰਨ ਕਰਨ ਵਾਲੀ ਕ੍ਰੀਮ ਲਗਾਉਣ ਲਈ ਕਿਹਾ ਜਾ ਸਕਦਾ ਹੈ। ਕ੍ਰੀਮ ਨਾਲ ਤੁਹਾਡੇ ਬੱਚੇ ਵਾਸਤੇ ਪੋਰਟ ਅੰਦਰ ਸੂਈ ਲਗਾਉਣੀ ਆਸਾਨ ਹੋ ਸਕਦੀ ਹੈ। ਆਪਣੇ ਬੱਚੇ ਦੀ ਨਰਸ ਤੋਂ ਪਤਾ ਕਰੋ ਕਿ ਕੀ ਤੁਹਾਡੇ ਬੱਚੇ ਨੂੰ ਇਹ ਚਾਹੀਦਾ ਹੈ।


## *ਕਲੀਨਿਕਲ ਟ੍ਰਾਇਲ ਕੀ ਹੁੰਦੀ ਹੈ?*

ਕੈਂਸਰ ਵਰਗੀਆਂ ਬਿਮਾਰੀਆਂ ਅਤੇ ਉਨ੍ਹਾਂ ਦੇ ਸਭ ਤੋਂ ਵਧੀਆ ਟ੍ਰੀਟਮੈਂਟ ਦੇ ਤਰੀਕੇ ਬਾਰੇ ਸਮਝਣ ਵਿੱਚ ਸਿਹਤ ਦੇਖ-ਰੇਖ ਟੀਮ ਦੀ ਮਦਦ ਕਰਨ ਵਾਸਤੇ ਕੀਤੇ ਜਾਣ ਵਾਲੇ ਖੋਜ ਅਧਿਐਨਾਂ ਨੂੰ ਕਲੀਨਿਕਲ ਟ੍ਰਾਇਲਜ਼ ਕਿਹਾ ਜਾਂਦਾ ਹੈ। ਬਚਪਨ ਦੇ ਕੈਂਸਰ ਦੇ ਟ੍ਰੀਟਮੈਂਟ ਵਿੱਚ ਜੋ ਤਰੱਕੀ ਹੋਈ ਹੈ, ਉਹ ਕਲੀਨਿਕਲ ਟ੍ਰਾਇਲਜ਼ ਅਤੇ ਉਨ੍ਹਾਂ ਵਿੱਚ ਹਿੱਸਾ ਲੈਣ ਵਾਲੇ ਬੱਚਿਆਂ, ਅੱਲ੍ਹੜਾਂ ਅਤੇ ਨੌਜਵਾਨ ਬਾਲਗਾਂ ਕਾਰਣ ਹੀ ਸੰਭਵ ਹੋਈ ਹੈ।
ਚਿਲਡਰਨਜ਼ ਆਨਕਾਲੋਜੀ ਗਰੁੱਪ (ਸੀ.ਓ.ਜੀ.) ਬੱਚਿਆਂ ਦੀ ਚਿਕਿਤਸਾ ਨਾਲ ਸੰਬੰਧਤ ਦੁਨੀਆ ਦਾ ਸਭ ਤੋਂ ਵੱਡਾ ਕਲੀਨਿਕਲ ਟ੍ਰਾਇਲ ਗਰੁੱਪ ਹੈ। ਕਿਸੇ ਵੀ ਹੋਰ ਸੰਸਥਾ ਦੇ ਮੁਕਾਬਲੇ, ਸੀ.ਓ.ਜੀ. ਨੇ ਕੈਂਸਰ ਨਾਲ ਪੀੜਤ ਜ਼ਿਆਦਾ ਬੱਚਿਆਂ ਦਾ ਟ੍ਰੀਟਮੈਂਟ ਕੀਤਾ ਹੈ। ਦੁਨੀਆ ਭਰ ਦੇ ਡਾਕਟਰ, ਨਰਸਾਂ ਅਤੇ ਹੋਰ ਮਾਹਰ ਕੈਂਸਰ ਵਾਲੇ ਬੱਚਿਆਂ ਦੇ ਟ੍ਰੀਟਮੈਂਟ ਵਿੱਚ ਲਗਾਤਾਰ ਸੁਧਾਰ ਕਰਨ ਲਈ ਕੰਮ ਕਰ ਰਹੇ ਹਨ। ਤੁਹਾਡੇ ਡਾਕਟਰ ਅਤੇ ਸਿਹਤ ਸੰਭਾਲ ਟੀਮ ਵੱਲੋਂ ਤੁਹਾਨੂੰ ਦੱਸਿਆ ਜਾਵੇਗਾ ਕਿ ਕੀ ਤੁਹਾਡੇ ਬੱਚੇ ਲਈ ਕੋਈ ਕਲੀਨਿਕਲ ਟ੍ਰਾਇਲਜ਼ ਉਪਲੱਬਧ ਹਨ। ਕੁਝ ਕਲੀਨਿਕਲ ਟ੍ਰਾਇਲਜ਼ ਦਾ ਸੰਬੰਧ ਟ੍ਰੀਟਮੈਂਟ ਨਾਲ ਅਤੇ ਕੁਝ ਦਾ ਸੰਬੰਧ ਕੈਂਸਰ ਨਾਲ ਪੀੜਤ ਬੱਚਿਆਂ ਦੀ ਸਹਾਇਤਾ ਕਰਨ ਦੇ ਤਰੀਕਿਆਂ ਨਾਲ ਹੁੰਦਾ ਹੈ। ਤੁਸੀਂ ਹਮੇਸ਼ਾ ਇਹ ਚੁਣ ਸਕਦੇ ਹੋ ਕਿ ਤੁਹਾਡਾ ਬੱਚਾ ਕਲੀਨਿਕਲ ਟ੍ਰਾਇਲ ਦਾ ਹਿੱਸਾ ਹੋਵੇਗਾ ਜਾਂ ਨਹੀਂ। ਜੇ ਤੁਸੀਂ ਕਲੀਨਿਕਲ ਟ੍ਰਾਇਲ ਦਾ ਹਿੱਸਾ ਬਣਨ ਦੀ ਚੋਣ ਕਰਦੇ ਹੋ ਤਾਂ ਤੁਹਾਨੂੰ ਪਹਿਲਾਂ ਆਪਣੀ ਸਹਿਮਤੀ ਦੇਣ ਦੀ ਲੋੜ ਹੋਵੇਗੀ। ਇਸ ਨੂੰ ਸੂਚਿਤ ਸਹਿਮਤੀ ਕਿਹਾ ਜਾਂਦਾ ਹੈ। ਤੁਹਾਡੀ ਸਿਹਤ ਸੰਭਾਲ ਟੀਮ ਦਾ ਇੱਕ ਮੈਂਬਰ ਤੁਹਾਨੂੰ ਇਹ ਸਮਝਾਏਗਾ। ਇਜਾਜ਼ਤ ਦਿੱਤੇ ਜਾਣ ਤੋਂ ਬਾਅਦ, ਤੁਹਾਨੂੰ ਕਲੀਨਿਕਲ ਟ੍ਰਾਇਲ ਦੀ ਵਿਆਖਿਆ ਕਰਨ ਵਾਲੇ ਦਸਤਖ਼ਤ ਕੀਤੇ ਸਹਿਮਤੀ ਫਾਰਮ ਦੀ ਇੱਕ ਕਾਪੀ ਮਿਲੇਗੀ। ਹੋਰ ਜਾਣਕਾਰੀ ਲਈ ਆਪਣੀ ਸਿਹਤ ਸੰਭਾਲ ਟੀਮ ਨਾਲ ਗੱਲ ਕਰੋ।





PICC

© 2011 TERESE WINSLOW LLC




PORT

© 2011 TERESE WINSLOW LLC




EXTERNAL CVL-CHEST

© 2011 TERESE WINSLOW LLC

# ਮਦਦ ਕਦੋਂ ਮੰਗਣੀ ਚਾਹੀਦੀ ਹੈ

ਕਈ ਵਾਰੀ ਕੈਂਸਰ ਨਾਲ ਪੀੜਤ ਬੱਚਿਆਂ ਵਿੱਚ ਅਜਿਹੇ ਲੱਛਣ ਹੁੰਦੇ ਹਨ ਜੋ ਗੰਭੀਰ ਸਮੱਸਿਆ ਦੀ ਚੇਤਾਵਨੀ ਦੇ ਸੰਕੇਤ ਹੁੰਦੇ ਹਨ। ਤੁਹਾਡੀ ਸਿਹਤ ਸੰਭਾਲ ਟੀਮ ਇਨ੍ਹਾਂ ਲੱਛਣਾਂ ਨੂੰ ਐਮਰਜੰਸੀ ਦਾ ਸੰਕੇਤ ਮੰਨਦੀ ਹੈ।
ਐਮਰਜੰਸੀ ਹਾਲਾਤ ਵਿੱਚ ਤੁਹਾਨੂੰ ਤੁਰੰਤ ਕਾਰਵਾਈ ਕਰਨ ਦੀ ਲੋੜ ਹੈ।

ਐਮਰਜੰਸੀ ਸੇਵਾਵਾਂ (ਅਮਰੀਕਾ ਅਤੇ ਕੈਨੇਡਾ ਵਿੱਚ "911") ਨੂੰ ਤੁਰੰਤ ਕਾਲ ਕਰੋ ਜੇ ਤੁਹਾਡਾ ਬੱਚਾ:

- ਸਾਹ ਨਹੀਂ ਲੈ ਰਿਹਾ ਜਾਂ ਸਾਹ ਲੈਣ ਵਿੱਚ ਉਸ ਨੂੰ ਬਹੁਤ ਮੁਸ਼ਕਲ ਹੋ ਰਹੀ ਹੈ
- ਚਮੜੀ ਅਤੇ/ਜਾਂ ਬੁੱਲ੍ਹ ਨੀਲੇ ਪੈ ਗਏ ਹਨ
- ਦੌਰਾ ਪੈ ਰਿਹਾ ਹੈ (ਅਤੇ ਤੁਹਾਨੂੰ ਇਹ ਨਹੀਂ ਦੱਸਿਆ ਗਿਆ ਹੈ ਕਿ ਦੌਰੇ ਦਾ ਪ੍ਰਬੰਧਨ ਘਰ ਵਿੱਚ ਕੀਤਾ ਜਾ ਸਕਦਾ ਹੈ)
- ਤੁਹਾਡੇ ਵੱਲੋਂ ਜਗਾਉਣ ਦੀ ਕੋਸ਼ਿਸ਼ ਕਰਨ ਤੋਂ ਬਾਅਦ ਨਹੀਂ ਜਾਗਦਾ (ਬੇਹੋਸ਼ ਹੋ ਜਾਣਾ)

ਆਪਣੀ ਸਿਹਤ ਸੰਭਾਲ ਟੀਮ ਨੂੰ ਤੁਰੰਤ ਕਾਲ ਕਰੋ (ਕਲੀਨਿਕ ਜਾਂ ਦਫ਼ਤਰ ਖੁੱਲ੍ਹਣ ਤਕ ਇੰਤਜ਼ਾਰ ਨਾ ਕਰੋ) ਜੇ ਤੁਹਾਡੇ ਬੱਚੇ ਨੂੰ:

- ਬੁਖਾਰ ਹੈ (________________ ਜਾਂ ਵੱਧ ਤਾਪਮਾਨ)
- ਠੰਡ ਲੱਗ ਰਹੀ ਹੈ (ਕਾਂਬਾ ਛਿੜ ਰਿਹਾ ਹੈ)
- ਸਾਹ ਲੈਣ ਵਿੱਚ ਮੁਸ਼ਕਲ ਹੈ
- ਖੂਨ ਨਿਕਲ ਰਿਹਾ ਹੈ ਜੋ 5 ਤੋਂ 10 ਮਿੰਟਾਂ ਵਿੱਚ ਬੰਦ ਨਹੀਂ ਹੋ ਰਿਹਾ
- ਵਿਹਾਰ ਜਾਂ ਚੇਤਨਾ ਦੇ ਪੱਧਰ ਵਿੱਚ ਤਬਦੀਲੀ (ਜਿਵੇਂ ਕਿ ਬਹੁਤ ਨੀਂਦ ਆਉਣੀ, ਬਹੁਤ ਚਿੜਚਿੜਾ ਹੋਣਾ, ਜਾਂ ਬੇਤੁੱਕੀਆਂ ਗੱਲਾਂ ਕਰਨੀਆਂ)
- ਨਿਗ੍ਹਾ ਵਿੱਚ ਅਚਾਨਕ ਤਬਦੀਲੀ ਆਉਣੀ
- ਬਹੁਤ ਜ਼ਿਆਦਾ ਜਾਂ ਵਾਰ-ਵਾਰ ਸਿਰ ਦਰਦ ਹੋਣਾ
- ਚਿਹਰੇ, ਬਾਂਹ ਜਾਂ ਲੱਤ ਵਿੱਚ ਅਜਿਹੀ ਕਮਜ਼ੋਰੀ ਜੋ ਪਹਿਲਾਂ ਕਦੇ ਨਹੀਂ ਸੀ
- ਬੇਕਾਬੂ ਦਰਦ
- ਸੈਂਟ੍ਰਲ ਵੀਨਸ ਲਾਈਨ (ਸੀ.ਵੀ.ਐੱਲ.) ਦਾ ਟੁੱਟਣਾ ਜਾਂ ਲੀਕ ਹੋਣਾ
- ਵਾਰ-ਵਾਰ ਉਲਟੀਆਂ ਆਉਣੀਆਂ ਜਾਂ ਦਸਤ ਲੱਗਣੇ
- ਤਰਲ ਪਦਾਰਥ ਨਾ ਪੀ ਸਕਣਾ
- ਚਿਕਨਪੌਕਸ ਜਾਂ ਸ਼ਿੰਗਲਜ਼ ਦੇ ਸੰਪਰਕ ਵਿੱਚ ਆਉਣਾ

*ਜੇ ਤੁਸੀਂ ਕਿਸੇ ਵੀ ਚੀਜ਼ ਬਾਰੇ ਅਨਿਸ਼ਚਿਤ ਜਾਂ ਬੇਚੈਨ ਹੋ, ਤਾਂ ਫੋਨ ਨਾ ਕਰਨ ਨਾਲੋਂ ਫੋਨ ਕਰ ਲੈਣਾ ਹਮੇਸ਼ਾ ਬਿਹਤਰ ਹੁੰਦਾ ਹੈ!*

# ਐਮਰਜੰਸੀ ਰੂਮ (ਈ.ਆਰ.) ਵਿੱਚ ਆਉਣਾ

ਜੇ ਤੁਹਾਡੇ ਬੱਚੇ ਨੂੰ ਬੁਖਾਰ ਜਾਂ ਕੋਈ ਹੋਰ ਐਮਰਜੰਸੀ ਹੈ ਤਾਂ ਤੁਹਾਡੀ ਸਿਹਤ ਸੰਭਾਲ ਟੀਮ ਤੁਹਾਨੂੰ ਐਮਰਜੰਸੀ ਰੂਮ ਵਿੱਚ ਜਾਣ ਲਈ ਕਹਿ ਸਕਦੀ ਹੈ।

ਜਦੋਂ ਤੁਸੀਂ ਐਮਰਜੰਸੀ ਰੂਮ ਵਿੱਚ ਪਹੁੰਚਦੇ ਹੋ ਤਾਂ ਉਨ੍ਹਾਂ ਨੂੰ ਹੇਠ ਲਿਖੀਆਂ ਗੱਲਾਂ ਬਾਰੇ ਦੱਸੋ:

- ਤੁਹਾਡੇ ਬੱਚੇ ਦੇ ਕੈਂਸਰ ਦੀ ਕਿਸਮ
- ਤੁਹਾਡੇ ਬੱਚੇ ਦੇ ਸਭ ਤੋਂ ਤਾਜ਼ਾ ਕੈਂਸਰ ਟ੍ਰੀਟਮੈਂਟ ਦੀ ਤਾਰੀਖ਼
- ਹਾਲ ਹੀ ਵਿੱਚ ਕੀਤੇ ਗਏ ਖ਼ੂਨ ਦੇ ਟੈਸਟਾਂ ਦੇ ਨਤੀਜੇ
- ਜੇ ਤੁਹਾਡੇ ਬੱਚੇ ਨੂੰ ਬੁਖ਼ਾਰ ਹੈ ਤਾਂ ਉਸ ਨੂੰ ਤੁਰੰਤ ਦੇਖਿਆ ਜਾਣਾ ਚਾਹੀਦਾ ਹੈ ਅਤੇ ਉਸੇ ਸਮੇਂ ਐਂਟੀਬਾਇਓਟਿਕ ਦਿੱਤੇ ਜਾਣੇ ਚਾਹੀਦੇ ਹਨ
- ਤੁਹਾਡਾ ਬੱਚਾ ਕਿਸੇ ਅਜੀਹੀ ਥਾਂ ਵਿਚ ਇੰਤਜ਼ਾਰ ਨਹੀਂ ਕਰ ਸਕਦਾ ਜਿੱਥੇ ਹੋਰ ਬੀਮਾਰ ਲੋਕਾਂ ਦੇ ਮੌਜੂਦ ਹੋਣ ਦੀ ਸੰਭਾਵਨਾ ਹੁੰਦੀ ਹੈ
- ਤੁਹਾਡੇ ਬੱਚੇ ਦਾ ਅਨੀਮਾ ਨਹੀਂ ਕੀਤਾ ਜਾ ਸਕਦਾ, ਉਸ ਦੀ ਸਪੋਜ਼ੀਟੋਰੀ (ਗੁਦਾ ਰਹੀਂ ਦਵਾਈ ਦੇਣੀ) ਨਹੀਂ ਕੀਤੀ ਜਾ ਸਕਦੀ ਜਾਂ ਗੁਦਾ ਰਾਹੀਂ ਉਸ ਦਾ ਬੁਖ਼ਾਰ ਨਹੀਂ ਦੇਖਿਆ ਜਾ ਸਕਦਾ।

ਆਪਣੀ ਸਿਹਤ ਸੰਭਾਲ ਟੀਮ ਤੋਂ ਇੱਕ ਚਿੱਠੀ ਦੀ ਮੰਗ ਕਰੋ ਜੋ ਤੁਹਾਡੇ ਬੱਚੇ ਵਿੱਚ ਪਛਾਣੇ ਗਏ ਰੋਗ ਅਤੇ ਐਮਰਜੰਸੀ ਰੂਮ ਦੀਆਂ ਸੰਭਾਵੀ ਲੋੜਾਂ ਬਾਰੇ ਵੇਰਵਾ ਪ੍ਰਦਾਨ ਕਰਦੀ ਹੈ। ਜਦੋਂ ਵੀ ਤੁਸੀਂ ਆਪਣੇ ਬੱਚੇ ਨੂੰ ਕਿਸੇ ਵੀ ਐਮਰਜੰਸੀ ਰੂਮ ਵਿੱਚ ਲਿਜਾਂਦੇ ਹੋ ਤਾਂ ਇਹ ਚਿੱਠੀ ਆਪਣੇ ਨਾਲ ਲਿਆਓ।

ਇਸ ਗਾਈਡ ਦੇ ਸ਼ੁਰੂ ਵਿੱਚ ਟ੍ਰੀਟਮੈਂਟ ਬਾਰੇ ਸੰਖੇਪ ਜਾਣਕਾਰੀ ਲਈ ਇੱਕ ਪੰਨਾ ਸ਼ਾਮਲ ਕੀਤਾ ਗਿਆ ਹੈ। ਤੁਸੀਂ ਆਪਣੇ ਬੱਚੇ ਵਿੱਚ ਕੀਤੀ ਗਈ ਰੋਗ ਦੀ ਪਛਾਣ ਅਤੇ ਟ੍ਰੀਟਮੈਂਟ ਦੀ ਮਹੱਤਵਪੂਰਣ ਜਾਣਕਾਰੀ ਲਿਖ ਕੇ ਰੱਖਣ ਲਈ ਇਸ ਦੀ ਵਰਤੋਂ ਕਰ ਸਕਦੇ ਹੋ। ਨਾਲ ਹੀ ਤੁਸੀਂ ਇਸ 'ਤੇ ਇਹ ਵੀ ਲਿਖ ਸਕਦੇ ਹੋ ਕਿ ਲੋੜ ਪੈਣ 'ਤੇ ਮਦਦ ਲਈ ਕਿਸ ਨੂੰ ਸੱਦਣਾ ਹੈ। ਜਦੋਂ ਤੁਸੀਂ ਐਮਰਜੰਸੀ ਰੂਮ ਵਿੱਚ ਜਾਂਦੇ ਹੋ ਤਾਂ ਟ੍ਰੀਟਮੈਂਟ ਬਾਰੇ ਸੰਖੇਪ ਜਾਣਕਾਰੀ ਵਾਲੇ ਪੰਨੇ ਨੂੰ ਆਪਣੇ ਨਾਲ ਲੈ ਕੇ ਜਾਓ।

# ਬੁਖ਼ਾਰ

ਬੁਖ਼ਾਰ ਕਿਸੇ ਗੰਭੀਰ ਇਨਫੈਕਸ਼ਨ ਦਾ ਸੰਕੇਤ ਹੋ ਸਕਦਾ ਹੈ। ਜਿਹੜੇ ਬੱਚੇ ਕੈਂਸਰ ਦਾ ਟ੍ਰੀਟਮੈਂਟ ਕਰਵਾਉਂਦੇ ਹਨ, ਉਨ੍ਹਾਂ ਨੂੰ ਗੰਭੀਰ ਇਨਫੈਕਸ਼ਨ ਹੋਣ ਦਾ ਜ਼ਿਆਦਾ ਖ਼ਤਰਾ ਹੁੰਦਾ ਹੈ। ਜੇ ਤੁਹਾਡੇ ਬੱਚੇ ਨੂੰ ਬੁਖਾਰ ਹੈ ਅਤੇ ਉਸ ਨੂੰ ਤੁਰੰਤ ਡਾਕਟਰੀ ਦੇਖਭਾਲ ਨਹੀਂ ਮਿਲਦੀ ਤਾਂ ਤੁਹਾਡਾ ਬੱਚਾ ਬਹੁਤ ਬਿਮਾਰ ਹੋ ਸਕਦਾ ਹੈ ਅਤੇ ਇਹ ਜਾਨਲੇਵਾ ਹੋ ਸਕਦਾ ਹੈ।

- ਜੇ ਤੁਹਾਡੇ ਬੱਚੇ ਨੂੰ ਬੁਖ਼ਾਰ ਹੈ ਤਾਂ ਤੁਰੰਤ ਆਪਣੀ ਸਿਹਤ ਸੰਭਾਲ ਟੀਮ ਨਾਲ ਸੰਪਰਕ ਕਰੋ। ਕਲੀਨਿਕ ਦੇ ਖੁੱਲ੍ਹਣ ਦੀ ਉਡੀਕ ਨਾ ਕਰੋ।
- ਜੇ ਤੁਹਾਡੀ ਸਿਹਤ ਸੰਭਾਲ ਟੀਮ ਨੇ ਤੁਹਾਨੂੰ ਨਹੀਂ ਕਿਹਾ ਤਾਂ ਆਪਣੇ ਬੱਚੇ ਨੂੰ ਐਸਪਰਿਨ (ਸਲਿਸਲੇਟ), ਐਸੀਟਾਮਿਨੋਫ਼ਿਨ (ਟਾਇਲੇਨੋਲ), ਜਾਂ ਆਇਬਿਊਪ੍ਰੋਫਿਨ (ਮੋਟਰੀਨ®, ਐਡਵਿਲ®, ਅਤੇ ਪੀਡੀਆਪ੍ਰੋਫ਼ੈਨ™) ਨਾ ਦਿਓ।

ਕਈ ਵਾਰ ਬੁਖਾਰ ਤੋਂ ਬਿਨਾਂ ਵੀ ਇਨਫੈਕਸ਼ਨ ਹੋ ਸਕਦੀ ਹੈ। ਜਦੋਂ ਵੀ ਤੁਹਾਡੇ ਬੱਚੇ ਨੂੰ ਠੰਢ ਲੱਗੇ ਜਾਂ ਤੁਹਾਨੂੰ ਚਿੰਤਾ ਹੋਵੇ ਕਿ ਬੱਚਾ ਠੀਕ ਨਹੀਂ ਹੈ, ਉਦੋਂ ਭਾਵੇਂ ਉਸ ਨੂੰ ਬੁਖਾਰ ਨਾ ਵੀ ਹੋਵੇ, ਫਿਰ ਵੀ ਤੁਰੰਤ ਆਪਣੀ ਸਿਹਤ ਸੰਭਾਲ ਟੀਮ ਨੂੰ ਫ਼ੋਨ ਕਰੋ। ਕਲੀਨਿਕ ਦੇ ਖੁੱਲ੍ਹਣ ਦੀ ਉਡੀਕ ਨਾ ਕਰੋ।

ਜੇ ਤੁਹਾਡੇ ਬੱਚੇ ਦੀ ਤਬੀਅਤ ਖ਼ਰਾਬ ਹੋ ਜਾਂਦੀ ਹੈ ਜਾਂ ਉਸ ਨੂੰ ਬੁਖ਼ਾਰ ਹੋ ਜਾਂਦਾ ਹੈ ਤਾਂ ਤੁਹਾਡੇ ਬੱਚੇ ਨੂੰ ਐਂਟੀਬਾਇਓਟਿਕਸ ਅਤੇ ਦੇਖਭਾਲ ਲਈ ਹਸਪਤਾਲ ਵਿੱਚ ਦਾਖਲ ਕਰਵਾਉਣ ਦੀ ਲੋੜ ਪੈ ਸਕਦੀ ਹੈ।

### ਆਪਣੇ ਬੱਚੇ ਦਾ ਤਾਪਮਾਨ ਦੇਖਣਾ

- ਯਕੀਨੀ ਬਣਾਓ ਕਿ ਤੁਹਾਡੇ ਕੋਲ ਘਰ ਵਿੱਚ ਇੱਕ ਥਰਮਾਮੀਟਰ ਹੈ ਜੋ ਠੀਕ-ਠਾਕ ਕੰਮ ਕਰਦਾ ਹੈ, ਅਤੇ ਤੁਹਾਨੂੰ ਉਸ ਨੂੰ ਇਸਤੇਮਾਲ ਕਰਨਾ ਆਉਂਦਾ ਹੈ।
- ਜੇ ਛੂਹਣ ਤੇ ਤੁਹਾਡੇ ਬੱਚੇ ਦਾ ਪਿੰਡਾ ਗਰਮ ਮਹਿਸੂਸ ਹੋ ਰਿਹਾ ਹੈ ਜਾਂ ਫਿਰ ਬੱਚੇ ਨੂੰ ਦੇਖ ਕੇ ਉਸ ਦੀ ਤਬੀਅਤ ਖ਼ਰਾਬ ਲੱਗਦੀ ਹੈ ਜਾਂ ਬੱਚਾ ਠੀਕ ਮਹਿਸੂਸ ਨਹੀਂ ਕਰ ਰਿਹਾ ਤਾਂ ਉਸ ਦਾ ਬੁਖ਼ਾਰ ਚੈੱਕ ਕਰੋ
- ਬੁਖ਼ਾਰ ਨੂੰ ਉਸੇ ਤਰ੍ਹਾਂ ਚੈੱਕ ਕਰੋ ਜਿਵੇਂ ਤੁਹਾਨੂੰ ਤੁਹਾਡੀ ਸਿਹਤ ਸੰਭਾਲ ਟੀਮ ਦੁਆਰਾ ਸਿਖਾਇਆ ਗਿਆ ਹੈ। ਗੁਦਾ ਰਾਹੀਂ ਤਾਪਮਾਨ ਨਾ ਲਓ ਕਿਉਂਕਿ ਇਸ ਨਾਲ ਖ਼ੂਨ ਵਹਿ ਸਕਦਾ ਹੈ ਜਾਂ ਇਨਫੈਕਸ਼ਨ ਹੋ ਸਕਦੀ ਹੈ।

# ਲੱਛਣਾਂ ਦਾ ਪ੍ਰਬੰਧਨ

ਸਾਡਾ ਟੀਚਾ ਟ੍ਰੀਟਮੈਂਟ ਦੌਰਾਨ ਤੁਹਾਡੇ ਬੱਚੇ ਨੂੰ ਸੁਰੱਖਿਅਤ ਅਤੇ ਜਿੰਨਾ ਵੱਧ ਤੋਂ ਵੱਧ ਸੰਭਵ ਹੋਵੇ, ਠੀਕ-ਠਾਕ ਮਹਿਸੂਸ ਕਰਵਾਉਣਾ ਹੈ। ਟ੍ਰੀਟਮੈਂਟ ਦੇ ਮਾੜੇ ਪ੍ਰਭਾਵਾਂ ਨੂੰ ਸਮਝਣ ਤੋਂ ਬਾਅਦ ਤੁਸੀਂ ਜਾਣੋਗੇ ਕਿ ਆਪਣੇ ਬੱਚੇ ਦੀ ਸਹਾਇਤਾ ਕਿਵੇਂ ਕਰਨੀ ਹੈ ਅਤੇ ਮਦਦ ਲਈ ਸਿਹਤ ਸੰਭਾਲ ਟੀਮ ਨੂੰ ਕਦੋਂ ਫ਼ੋਨ ਕਰਨਾ ਹੈ। ਜੇ ਤੁਹਾਡਾ ਬੱਚਾ ਠੀਕ ਮਹਿਸੂਸ ਨਹੀਂ ਕਰ ਰਿਹਾ ਜਾਂ ਉਸ ਨੂੰ ਬੇਅਰਾਮੀ ਹੋ ਰਹੀ ਹੈ ਤਾਂ ਮਦਦ ਮੰਗਣਾ ਹਮੇਸ਼ਾ ਠੀਕ ਹੁੰਦਾ ਹੈ, ਭਾਵੇਂ ਤੁਹਾਡਾ ਬੱਚਾ ਹਸਪਤਾਲ ਵਿੱਚ ਹੋਵੇ ਜਾਂ ਘਰ ਵਿੱਚ।

### ਖ਼ੂਨ ਵਗਣਾ ਅਤੇ ਬਹੁਤ ਥੱਕਿਆ ਹੋਇਆ ਮਹਿਸੂਸ ਕਰਨਾ

ਕੀਮੋਥੈਰੇਪੀ ਤੁਹਾਡੇ ਬੱਚੇ ਦੇ ਖ਼ੂਨ ਦੇ ਸੈੱਲਾਂ ਦੀ ਗਿਣਤੀ ਨੂੰ ਘਟਾ ਸਕਦੀ ਹੈ। ਇਸ ਨਾਲ ਖ਼ੂਨ ਵਗ ਸਕਦਾ ਹੈ ਜਾਂ ਤੁਹਾਡੇ ਬੱਚੇ ਨੂੰ ਬਹੁਤ ਥਕਾਵਟ ਮਹਿਸੂਸ ਹੋ ਸਕਦੀ ਹੈ। ਆਪਣੀ ਸਿਹਤ ਸੰਭਾਲ ਟੀਮ ਨੂੰ ਸੰਪਰਕ ਕਰੋ, ਜੇ ਤੁਹਾਡਾ ਬੱਚਾ:

- ਬਹੁਤ ਥੱਕਿਆ ਹੋਇਆ ਹੈ, ਉਸ ਦਾ ਰੰਗ ਪੀਲਾ ਪੈ ਗਿਆ ਹੈ, ਜਾਂ ਉਹ ਸਿਰ ਦਰਦ ਜਾਂ ਚੱਕਰ ਆਉਣ ਦੀ ਸ਼ਿਕਾਇਤ ਕਰ ਰਿਹਾ ਹੈ
- ਆਮ ਨਾਲੋਂ ਜ਼ਿਆਦਾ ਆਸਾਨੀ ਨਾਲ ਉਸ ਨੂੰ ਰਗੜਾਂ ਲੱਗ ਰਹੀਆਂ ਹਨ
- ਚਮੜੀ 'ਤੇ ਲਾਲ ਰੰਗ ਦੀਆਂ ਛੋਟੀਆਂ ਬਿੰਦੀਆਂ ਹਨ
- ਨੱਕ, ਮਸੂੜਿਆਂ ਜਾਂ ਸੈਂਟ੍ਰਲ ਵੀਨਸ ਲਾਈਨ ਦੇ ਆਲੇ ਦੁਆਲੇ ਖ਼ੂਨ ਵਗ ਰਿਹਾ ਹੈ

ਜੇ ਤੁਹਾਡੇ ਬੱਚੇ ਦਾ ਖ਼ੂਨ ਵਹਿ ਰਿਹਾ ਹੈ ਜੋ 5 ਤੋਂ 10 ਮਿੰਟਾਂ ਤੋਂ ਬੰਦ ਨਹੀਂ ਹੋ ਰਿਹਾ ਤਾਂ ਤੁਰੰਤ ਆਪਣੀ ਸਿਹਤ ਸੰਭਾਲ ਟੀਮ ਨਾਲ ਸੰਪਰਕ ਕਰੋ।

ਖ਼ੂਨ ਵਗਣ ਤੋਂ ਰੋਕਣ ਲਈ, ਤੁਹਾਡੇ ਬੱਚੇ ਨੂੰ ਇਹ ਕਰਨ ਦੀ ਲੋੜ ਹੋ ਸਕਦੀ ਹੈ:

- ਜ਼ਿਆਦਾ ਸੱਟਾਂ ਲੱਗਣ ਦੇ ਆਸਾਰ ਵਾਲੀਆਂ ਅਤੇ ਖਿਡਾਰੀਆਂ ਦੇ ਸਰੀਰਕ ਸੰਪਰਕ ਵਾਲੀਆਂ ਖੇਡਾਂ ਤੋਂ ਗੁਰੇਜ਼ ਕਰਨਾ
- ਨਰਮ ਟੁੱਥਬ੍ਰਸ਼ ਦੀ ਵਰਤੋਂ ਕਰਨੀ
- ਜਦੋਂ ਖ਼ੂਨ ਦੇ ਸੈੱਲਾਂ ਦੀ ਗਿਣਤੀ ਘੱਟ ਹੋਵੇ ਉਦੋਂ ਐਸਪਰਿਨ ਜਾਂ ਆਇਬਿਊਪ੍ਰੋਫਿਨ ਲੈਣ ਤੋਂ ਗੁਰੇਜ਼ ਕਰਨਾ

### ਦਰਦ

ਕੈਂਸਰ ਵਾਲੇ ਬੱਚਿਆਂ ਨੂੰ ਕਈ ਕਾਰਣਾਂ ਕਰਕੇ ਦਰਦ ਹੋ ਸਕਦਾ ਹੈ। ਸਰੀਰ ਵਿੱਚ ਕੈਂਸਰ ਸੈੱਲ ਹੱਡੀਆਂ ਜਾਂ ਟਿਸ਼ੂਆਂ ਵਿੱਚ ਦਰਦ ਦਾ ਕਾਰਣ ਬਣ ਸਕਦੇ ਹਨ। ਕੈਂਸਰ ਦੇ ਟ੍ਰੀਟਮੈਂਟ ਦੇ ਕੁਝ ਮਾੜੇ ਪ੍ਰਭਾਵ, ਜਿਵੇਂ ਕਿ ਮੂੰਹ ਵਿੱਚ ਜਾਂ ਚਮੜੀ ਉੱਤੇ ਛਾਲੇ ਹੋਣੇ, ਦਰਦਨਾਕ ਹੋ ਸਕਦੇ ਹਨ। ਕੁਝ ਕਿਸਮ ਦੀਆਂ ਸਰਜਰੀਆਂ ਤੋਂ ਉੱਭਰਨਾ ਵੀ ਦਰਦਨਾਕ ਹੋ ਸਕਦਾ ਹੈ। ਆਪਣੀ ਸਿਹਤ ਸੰਭਾਲ ਟੀਮ ਨੂੰ ਸੰਪਰਕ ਕਰੋ ਜੇ ਤੁਹਾਡੇ ਬੱਚਾ ਨੂੰ:

- ਕੋਈ ਨਵਾਂ ਦਰਦ ਹੁੰਦਾ ਹੈ ਜਾਂ ਉਸ ਦੇ ਦਰਦ ਵਿੱਚ ਵਾਧਾ ਹੋ ਰਿਹਾ ਹੈ
- ਅਜਿਹਾ ਦਰਦ ਹੈ ਜੋ ਤੁਹਾਨੂੰ ਘਰ ਵਿੱਚ ਵਰਤਣ ਲਈ ਦਿੱਤੀਆਂ ਗਈਆਂ ਦਰਦ ਨਿਵਾਰਕ ਦੀਆਂ ਦਵਾਈਆਂ ਨਾਲ ਵੀ ਠੀਕ ਨਹੀਂ ਹੋ ਰਿਹਾ ਹੈ

## ਜੀਅ ਕੱਚਾ ਹੋਣਾ, ਉਲਟੀਆਂ ਆਉਣੀਆਂ ਅਤੇ ਦਸਤ ਲੱਗਣੇ

ਕੈਂਸਰ ਥੈਰੇਪੀ ਕਾਰਣ ਜੀਅ ਕੱਚਾ ਹੋ ਸਕਦਾ ਹੈ ਅਤੇ ਉਲਟੀਆਂ ਲੱਗ ਸਕਦੀਆਂ ਹਨ। ਜੀਅ ਕੱਚਾ ਹੋਣ ਅਤੇ ਉਲਟੀਆਂ ਆਉਣ ਦੀ ਸਥਿਤੀ ਵਿੱਚ ਮਦਦ ਲਈ ਤੁਹਾਨੂੰ ਘਰ ਵਿੱਚ ਦਿੱਤੀਆਂ ਜਾ ਸਕਣ ਵਾਲੀਆਂ ਦਵਾਈਆਂ ਦੇ ਕੇ ਘਰ ਭੇਜਿਆ ਜਾ ਸਕਦਾ ਹੈ। ਹਦਾਇਤਾਂ ਦੀ ਪਾਲਣਾ ਧਿਆਨ ਨਾਲ ਕਰੋ। ਜੇ ਤੁਹਾਡੇ ਬੱਚੇ ਦਾ ਜੀਅ ਕੱਚਾ ਹੁੰਦਾ ਹੈ ਜਾਂ ਉਸ ਨੂੰ ਉਲਟੀਆਂ ਆਉਂਦੀਆਂ ਹਨ ਤਾਂ ਤੁਸੀਂ ਉਸ ਨੂੰ ਠੰਡੇ, ਸਾਫ਼ ਤਰਲ ਪਦਾਰਥਾਂ ਦੀਆਂ ਚੁਸਕੀਆਂ ਜਾਂ ਆਸਾਨੀ ਨਾਲ ਹਜ਼ਮ ਕੀਤੇ ਜਾ ਸਕਣ ਵਾਲੇ ਭੋਜਨ, ਜਿਵੇਂ ਕਿ ਕਰੈਕਰਜ਼ ਜਾਂ ਚੌਲ਼, ਥੋੜ੍ਹੀ-ਥੋੜ੍ਹੀ ਮਿਕਦਾਰ ਵਿੱਚ ਦੇ ਸਕਦੇ ਹੋ।
ਕੈਂਸਰ ਥੈਰੇਪੀ ਦੇ ਨਤੀਜੇ ਵਜੋਂ ਕਈ ਵਾਰੀ ਦਸਤ (ਵਾਰ-ਵਾਰ, ਪਾਣੀ ਵਰਗੀ ਪਤਲੀ ਟੱਟੀ ਆਉਣੀ) ਲੱਗ ਸਕਦੇ ਹਨ।

ਉਲਟੀਆਂ ਅਤੇ ਦਸਤ ਕਾਰਣ ਤੁਹਾਡੇ ਬੱਚੇ ਨੂੰ ਡੀਹਾਈਡਰੇਸ਼ਨ (ਸਰੀਰ ਵਿੱਚ ਲੋੜੀਂਦੇ ਤਰਲ ਦੀ ਘਾਟ) ਹੋਣ ਦਾ ਖ਼ਤਰਾ ਪੈਦਾ ਹੋ ਸਕਦਾ ਹੈ। ਜੇ ਤੁਹਾਡੇ ਬੱਚੇ ਵਿੱਚ ਡੀਹਾਈਡਰੇਸ਼ਨ ਦੇ ਲੱਛਣ ਹਨ, ਤਾਂ ਤੁਰੰਤ ਆਪਣੀ ਸਿਹਤ ਸੰਭਾਲ ਟੀਮ ਨਾਲ ਸੰਪਰਕ ਕਰੋ। ਡੀਹਾਈਡਰੇਸ਼ਨ ਦੇ ਲੱਛਣਾਂ ਵਿੱਚ ਹੇਠ ਲਿਖੇ ਲੱਛਣ ਸ਼ਾਮਲ ਹੋ ਸਕਦੇ ਹਨ:

- ਮੂੰਹ ਜਾਂ ਬੁੱਲ੍ਹ ਸੁੱਕਣੇ
- ਰੋਣ ਵੇਲੇ ਕੋਈ ਹੰਝੂ ਨਾ ਆਉਣੇ
- ਆਮ ਨਾਲੋਂ ਘੱਟ ਪਿਸ਼ਾਬ ਕਰਨਾ
- ਗੂੜ੍ਹੇ ਰੰਗ ਦਾ ਪਿਸ਼ਾਬ ਆਉਣਾ
- ਵਾਰ-ਵਾਰ ਉਲਟੀਆਂ ਆਉਣੀਆਂ ਜਾਂ ਦਸਤ ਲੱਗਣੇ
- ਤਰਲ ਪਦਾਰਥ ਨਾ ਪੀ ਸਕਣਾ

## ਕਬਜ਼

ਕਬਜ਼ ਉਦੋਂ ਹੁੰਦੀ ਹੈ ਜਦੋਂ ਬੱਚੇ ਦਾ ਪਖਾਨਾ (ਟੱਟੀ ਆਉਣੀ) ਸਖ਼ਤ ਜਾਂਦਾ ਹੈ ਜਿਸ ਕਾਰਣ ਉਸ ਨੂੰ ਆਮ ਨਾਲੋਂ ਘੱਟ ਵਾਰੀ ਟੱਟੀ ਆਉਂਦੀ ਹੈ। ਕੀਮੋਥੈਰੇਪੀ (ਜਿਵੇਂ ਕਿ ਵਿਨਕ੍ਰਿਸਟਾਈਨ) ਅਤੇ ਹੋਰ ਦਵਾਈਆਂ (ਜਿਵੇਂ ਕਿ ਦਰਦ ਨਿਵਾਰਕ ਦਵਾਈਆਂ) ਕਬਜ਼ ਦਾ ਕਾਰਣ ਬਣ ਸਕਦੀਆਂ ਹਨ। ਜੇ ਤੁਹਾਨੂੰ ਕਬਜ਼ ਲਈ ਘਰ ਵਿੱਚ ਸਹਾਈ ਹੋਣ ਵਾਲੀਆਂ ਦਵਾਈਆਂ ਦਿੱਤੀਆਂ ਗਈਆਂ ਸਨ ਤਾਂ ਉਨ੍ਹਾਂ ਦਵਾਈਆਂ ਨਾਲ ਸੰਬੰਧਤ ਹਿਦਾਇਤਾਂ ਦੀ ਪਾਲਣਾ ਕਰੋ। ਆਪਣੀ ਸਿਹਤ ਸੰਭਾਲ ਟੀਮ ਨਾਲ ਸੰਪਰਕ ਕਰੋ ਜੇ:

- ਤੁਹਾਡੇ ਬੱਚੇ ਦੇ ਟੱਟੀ ਜਾਣ ਦੇ ਪੈਟ੍ਰਨ ਵਿੱਚ ਕੋਈ ਤਬਦੀਲੀ ਆਈ ਹੈ (ਘੱਟ ਵਾਰੀ ਜਾਣਾ, ਪਹਿਲਾਂ ਨਾਲੋਂ ਘੱਟ ਟੱਟੀ ਆਉਣੀ)
- ਟੱਟੀ ਕਰਨ ਸਮੇਂ ਉਸ ਨੂੰ ਦਰਦ ਹੁੰਦਾ ਹੈ
- ਕਬਜ਼ ਦੀ ਦਵਾਈ ਦੇਣ ਤੋਂ ਬਾਅਦ ਵੀ ਸਖ਼ਤ ਟੱਟੀ ਆਉਂਦੀ ਹੈ

## ਵਾਲ਼ ਝੜਨੇ

ਕੈਂਸਰ ਥੈਰੇਪੀ ਦੀਆਂ ਕੁਝ ਕਿਸਮਾਂ ਕਰਕੇ ਵਾਲ਼ ਝੜ ਸਕਦੇ ਹਨ ਜਾਂ ਵਿਰਲੇ ਹੋ ਸਕਦੇ ਹਨ। ਟ੍ਰੀਟਮੈਂਟ ਸ਼ੁਰੂ ਹੋਣ ਤੋਂ 7 ਤੋਂ 10 ਦਿਨਾਂ ਬਾਅਦ ਵਾਲ਼ਾਂ ਦਾ ਝੜਨਾ ਸ਼ੁਰੂ ਹੋ ਸਕਦਾ ਹੈ। ਸਰੀਰ ਦੇ ਦੂਜੇ ਹਿੱਸਿਆਂ ਦੇ ਵਾਲ ਵੀ ਪ੍ਰਭਾਵਿਤ ਹੋ ਸਕਦੇ ਹਨ। ਜਦੋਂ ਵਾਲ਼ ਝੜਨੇ ਸ਼ੁਰੂ ਹੋ ਜਾਂਦੇ ਹਨ ਤਾਂ ਕੁਝ ਬੱਚੇ ਅਤੇ ਮਾਪੇ ਜਿੰਨਾ ਵੱਧ ਤੋਂ ਵੱਧ ਸੰਭਵ ਹੋ ਸਕੇ, ਵਾਲ਼ਾਂ ਨੂੰ ਛੋਟਾ ਕੱਟਣ ਨੂੰ ਤਰਜੀਹ ਦਿੰਦੇ ਹਨ। ਜਦੋਂ ਕੈਂਸਰ ਟ੍ਰੀਟਮੈਂਟ ਦੀ ਤੀਬਰਤਾ ਘੱਟ ਹੋ ਜਾਂਦੀ ਹੈ ਜਾਂ ਜਦੋਂ ਟ੍ਰੀਟਮੈਂਟ ਪੂਰਾ ਹੋ ਜਾਂਦਾ ਹੈ ਤਾਂ ਆਮ ਤੌਰ 'ਤੇ ਵਾਲ ਮੁੜ੍ਹ ਉੱਗ ਜਾਂਦੇ ਹਨ।

# ਇਨਫੈਕਸ਼ਨ ਦੀ ਰੋਕਥਾਮ

ਤੁਹਾਡਾ ਬੱਚਾ ਭਾਵੇਂ ਸਕੂਲ ਵਿੱਚ ਹੋਵੇ, ਘਰ ਵਿੱਚ ਹੋਵੇ, ਜਾਂ ਕਮਿਊਨਿਟੀ ਵਿੱਚ ਹੋਵੇ, ਉਹ ਕੀਟਾਣੂਆਂ ਦੇ ਸੰਪਰਕ ਵਿੱਚ ਆਵੇਗਾ। ਸਾਡੇ ਸਾਰਿਆਂ ਦੀ ਚਮੜੀ ਉੱਤੇ ਅਤੇ ਮੂੰਹ ਅਤੇ ਅੰਤੜੀਆਂ (ਢਿੱਡ) ਵਿੱਚ ਕੀਟਾਣੂ ਹੁੰਦੇ ਹਨ। ਕੀਟਾਣੂ ਵਾਤਾਵਰਣ ਵਿੱਚ ਅਤੇ ਇਨਫੈਕਸ਼ਨ ਨਾਲ ਗ੍ਰਸਤ ਲੋਕਾਂ ਵਿੱਚ ਵੀ ਮੌਜੂਦ ਹੋ ਸਕਦੇ ਹਨ। ਜਿਹੜੇ ਬੱਚਿਆਂ ਦਾ ਕੈਂਸਰ ਟ੍ਰੀਟਮੈਂਟ ਕੀਤਾ ਜਾ ਰਿਹਾ ਹੁੰਦਾ ਹੈ, ਉਹ ਸਿਹਤਮੰਦ ਬੱਚਿਆਂ ਵਾਂਗ ਕੀਟਾਣੂਆਂ ਨਾਲ ਚੰਗੀ ਤਰ੍ਹਾਂ ਨਹੀਂ ਲੜ ਸਕਦੇ। ਇਨਫੈਕਸ਼ਨ ਨੂੰ ਰੋਕਣ ਲਈ ਕਦਮ ਚੁੱਕਣਾ ਬਹੁਤ ਜ਼ਰੂਰੀ ਹੈ।

### ਸਵੱਛਤਾ

ਇਨਫੈਕਸ਼ਨ ਨੂੰ ਰੋਕਣ ਦਾ ਸਭ ਤੋਂ ਮਹੱਤਵਪੂਰਣ ਤਰੀਕਾ ਹੈ ਆਪਣੇ ਹੱਥਾਂ ਨੂੰ ਸਾਫ਼ ਰੱਖਣਾ ਅਤੇ ਅਜਿਹਾ ਕਰਨ ਵਿੱਚ ਆਪਣੇ ਬੱਚੇ ਦੀ ਵੀ ਮਦਦ ਕਰਨਾ। ਇੱਕ ਵਿਅਕਤੀ ਤੋਂ ਦੂਜੇ ਵਿਅਕਤੀ ਵਿੱਚ ਕੀਟਾਣੂਆਂ ਨੂੰ ਫੈਲਣ ਤੋਂ ਰੋਕਣ ਲਈ, ਆਪਣੇ ਬੱਚੇ, ਪਰਿਵਾਰਕ ਮੈਂਬਰਾਂ, ਅਤੇ ਮਹਿਮਾਨਾਂ ਨੂੰ ਹੇਠ ਲਿਖੇ ਕਾਰਜਾਂ ਲਈ ਉਤਸ਼ਾਹਿਤ ਕਰੋ:

- ਸਾਬਣ ਅਤੇ ਪਾਣੀ ਨਾਲ ਅਕਸਰ ਹੱਥ ਧੋਵੋ ਅਤੇ/ਜਾਂ ਹੈਂਡ ਸੈਨੀਟਾਈਜ਼ਰ ਦੀ ਵਰਤੋਂ ਕਰੋ

ਟਾਇਲਟ ਦੀ ਵਰਤੋਂ ਕਰਨ ਤੋਂ ਬਾਅਦ ਅਤੇ ਹੇਠ ਲਿਖੇ ਕਾਰਜ ਕਰਨ ਤੋਂ ਪਹਿਲਾਂ ਹੱਥਾਂ ਨੂੰ ਧੋਣਾ ਖ਼ਾਸ ਤੌਰ 'ਤੇ ਮਹੱਤਵਪੂਰਣ ਹੈ:

- ਬੱਚੇ ਦੀ ਦੇਖਭਾਲ ਕਰਨ ਸਮੇਂ
- ਬੱਚੇ ਦੀਆਂ ਦਵਾਈਆਂ ਤਿਆਰ ਕਰਨ ਸਮੇਂ
- ਬੱਚੇ ਦਾ ਭੋਜਨ ਤਿਆਰ ਕਰਨ ਸਮੇਂ

ਆਪਣੇ ਬੱਚੇ ਨੂੰ ਇਹ ਯਾਦ ਦਵਾਉਣਾ ਮਹੱਤਵਪੂਰਣ ਹੈ ਕਿ:

- ਉਹ ਦੂਜੇ ਲੋਕਾਂ ਨਾਲ ਕੱਪ, ਪਾਣੀ ਦੀਆਂ ਬੋਤਲਾਂ, ਜਾਂ ਭੋਜਨ ਖਾਣ ਵਾਲੇ ਭਾਂਡੇ ਸਾਂਝੇ ਨਾ ਕਰੇ
- ਕਿਸੇ ਨਾਲ ਦੰਦਾਂ ਦਾ ਬੁਰਸ਼ ਸਾਂਝਾ ਨਾ ਕਰੇ
- ਤੁਹਾਡੀ ਸਿਹਤ ਸੰਭਾਲ ਟੀਮ ਵੱਲੋਂ ਦਿੱਤੇ ਨਿਰਦੇਸ਼ ਅਨੁਸਾਰ, ਨਿਯਮਿਤ ਤੌਰ 'ਤੇ ਇਸ਼ਨਾਨ ਕਰੇ ਜਾਂ ਸ਼ਾਵਰ ਲਏ

### ਮਹਿਮਾਨਾਂ ਅਤੇ ਦੋਸਤਾਂ ਦੀ ਇਨਫੈਕਸ਼ਨ ਲਈ ਜਾਂਚ ਕਰੋ

ਅਸੀਂ ਤੁਹਾਡੇ ਬੱਚੇ ਨੂੰ ਮਿਲਣ ਵਾਸਤੇ ਹੋਰਨਾਂ ਬੱਚਿਆਂ ਸਮੇਤ ਮਹਿਮਾਨਾਂ ਦੇ ਆਉਂਦੇ ਰਹਿਣ ਨੂੰ ਉਤਸ਼ਾਹਿਤ ਕਰਦੇ ਹਾਂ। ਮੁਲਾਕਾਤ ਲਈ ਆਉਣ ਵਾਲੇ ਵਿਅਕਤੀ ਤੋਂ ਪਹਿਲਾਂ ਹੀ ਇਹ ਪੁੱਛਣਾ ਯਕੀਨੀ ਬਣਾਓ ਕਿ ਮਹਿਮਾਨ ਜਾਂ ਦੋਸਤ ਬਿਮਾਰ ਤਾਂ ਨਹੀਂ ਹੈ ਜਾਂ ਕੀ ਉਹ ਕਿਸੇ ਇਨਫੈਕਸ਼ਨ ਦੇ ਸੰਪਰਕ ਵਿੱਚ ਆਇਆ ਹੈ। ਜਿਸ ਕਿਸੇ ਨੂੰ ਵੀ ਬੁਖ਼ਾਰ, ਨੱਕ ਵਗਣ, ਖੰਘ, ਦਸਤ, ਜਾਂ ਧੱਫੜ ਹੋਣ ਤਾਂ ਉਸ ਨੂੰ ਤੁਹਾਡੇ ਬੱਚੇ ਨੂੰ ਮਿਲਣ ਲਈ ਨਹੀਂ ਆਉਣਾ ਚਾਹੀਦਾ।

### ਜਾਨਵਰਾਂ ਦੀ ਦੇਖਭਾਲ ਕਰਨਾ

ਜੇ ਤੁਹਾਡੇ ਪਰਿਵਾਰ ਵਿੱਚ ਕੋਈ ਪਾਲਤੂ ਜਾਨਵਰ ਹੈ, ਤਾਂ ਤੁਹਾਡੇ ਬੱਚੇ ਨੂੰ ਜਾਨਵਰਾਂ ਦੇ ਪਿੰਜਰੇ (ਜਿਵੇਂ ਕਿ ਪੰਛੀਆਂ ਦਾ ਪਿੰਜਰਾ ਜਾਂ ਕੱਛੂਆਂ ਦਾ ਐਕੁਏਰੀਅਮ), ਬਿੱਲੀਆਂ ਦੇ ਕੂੜੇ ਦੇ ਡੱਬੇ ਖਾਲੀ ਨਹੀਂ ਕਰਨੇ ਚਾਹੀਦੇ ਅਤੇ ਨਾ ਹੀ ਬੱਚੇ ਨੂੰ ਜਾਨਵਰਾਂ ਦੀ ਰਹਿੰਦ-ਖੂੰਹਦ ਨਾਲ ਨਜਿੱਠਣਾ ਚਾਹੀਦਾ ਹੈ। ਜਾਨਵਰਾਂ ਦੀ ਰਹਿੰਦ-ਖੂਹੰਦ ਵਿੱਚ ਕੀਟਾਣੂ ਹੋ ਸਕਦੇ ਹਨ ਜੋ ਤੁਹਾਡੇ ਬੱਚੇ ਵਿੱਚ ਫੈਲ ਸਕਦੇ ਹਨ। ਜੇ ਤੁਸੀਂ ਕਿਸੇ ਫਾਰਮ 'ਤੇ ਰਹਿੰਦੇ ਹੋ, ਤਾਂ ਆਪਣੀ ਸਿਹਤ ਸੰਭਾਲ ਟੀਮ ਨਾਲ ਕੋਈ ਵੀ ਅਜਿਹੇ ਵਾਧੂ ਸੁਰੱਖਿਆ ਉਪਾਵਾਂ ਬਾਰੇ ਗੱਲ ਕਰੋ ਜੋ ਜਾਨਵਰਾਂ ਨਾਲ ਕੰਮ ਕਰਨ ਵੇਲੇ ਲੋੜੀਂਦੇ ਹੋ ਸਕਦੇ ਹਨ।

# ਟ੍ਰੀਟਮੈਂਟ ਦੌਰਾਨ ਸਾਵਧਾਨੀਆਂ

### ਦੰਦਾਂ ਦੀ ਦੇਖਭਾਲ

ਆਪਣੇ ਬੱਚੇ ਦੇ ਦੰਦ, ਮੂੰਹ ਅਤੇ ਮਸੂੜਿਆਂ ਨੂੰ ਸਾਫ਼ ਰੱਖੋ। ਤੁਹਾਡੇ ਬੱਚੇ ਨੂੰ ਹਰ ਵਾਰੀ ਭੋਜਨ ਖਾਣ ਤੋਂ ਬਾਅਦ ਅਤੇ ਸੌਣ ਤੋਂ ਪਹਿਲਾਂ ਨਰਮ ਟੁੱਥਬ੍ਰਸ਼ ਅਤੇ ਟੁੱਥਪੇਸਟ ਨਾਲ ਆਪਣੇ ਦੰਦ ਸਾਫ਼ ਕਰਨੇ ਚਾਹੀਦੇ ਹਨ। ਆਪਣੇ ਬੱਚੇ ਨੂੰ ਦੰਦਾਂ ਦੇ ਡਾਕਟਰ ਕੋਲ ਲੈ ਕੇ ਜਾਣ ਤੋਂ ਪਹਿਲਾਂ ਆਪਣੀ ਸਿਹਤ ਸੰਭਾਲ ਟੀਮ ਨਾਲ ਗੱਲ ਕਰੋ।

### ਟੀਕਾਕਰਨ (ਵੈਕਸੀਨਾਂ)

ਤੁਹਾਡੇ ਬੱਚੇ ਦੇ ਟ੍ਰੀਟਮੈਂਟ ਦੌਰਾਨ ਉਸ ਨੂੰ ਕੁਝ ਟੀਕੇ ਨਹੀਂ ਲਗਾਏ ਜਾਣੇ ਚਾਹੀਦੇ ਹਨ। ਆਮ ਤੌਰ 'ਤੇ ਤੁਹਾਡੇ ਬੱਚੇ ਅਤੇ ਪਰਿਵਾਰ ਦੇ ਸਾਰੇ ਮੈਂਬਰਾਂ ਨੂੰ ਫਲੂ ਸ਼ੌਟ ਲਗਵਾਉਣ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਆਪਣੇ ਬੱਚੇ ਨੂੰ ਕੋਈ ਵੀ ਵੈਕਸੀਨ ਲਗਵਾਉਣ ਤੋਂ ਪਹਿਲਾਂ ਆਪਣੀ ਸਿਹਤ ਸੰਭਾਲ ਟੀਮ ਨਾਲ ਗੱਲ ਕਰੋ।

### ਵੈਰੀਸੇਲਾ (ਚਿਕਨਪੌਕਸ ਜਾਂ ਸ਼ਿੰਗਲਜ਼) ਦੇ ਸੰਪਰਕ ਵਿੱਚ ਆਉਣਾ

ਜੇ ਤੁਹਾਡਾ ਬੱਚਾ ਕਿਸੇ ਅਜਿਹੇ ਵਿਅਕਤੀ ਦੇ ਸੰਪਰਕ ਵਿੱਚ ਰਿਹਾ ਹੈ ਜਿਸ ਨੂੰ ਚਿਕਨਪੌਕਸ (ਮਾਤਾ) ਜਾਂ ਸ਼ਿੰਗਲਜ਼ (ਜਨੇਊ) ਹੈ ਤਾਂ ਆਪਣੀ ਸਿਹਤ ਸੰਭਾਲ ਟੀਮ ਨੂੰ ਤੁਰੰਤ ਕਾਲ ਕਰੋ। ਇਹ ਸੰਭਵ ਹੈ ਕਿ ਤੁਹਾਡੇ ਬੱਚੇ ਨੂੰ ਚਿਕਨਪੌਕਸ ਤੋਂ ਬਚਣ ਲਈ ਦਵਾਈ ਲੈਣ ਦੀ ਲੋੜ ਪਵੇ। ਇਸ ਦਵਾਈ ਦੇ ਅਸਰਦਾਰ ਹੋਣ ਲਈ ਇਹ ਜ਼ਰੂਰੀ ਹੈ ਕਿ ਬਿਮਾਰ ਵਿਅਕਤੀ ਦੇ ਸੰਪਰਕ ਵਿੱਚ ਆਉਣ ਮਗਰੋਂ ਬੱਚੇ ਨੂੰ ਛੇਤੀ ਤੋਂ ਛੇਤੀ ਇਹ ਦਵਾਈ ਦਿੱਤੀ ਜਾਵੇ।

### ਕੀਮੋਥੈਰੇਪੀ ਸੁਰੱਖਿਆ

ਕੀਮੋਥੈਰੇਪੀ ਪਿਸ਼ਾਬ, ਟੱਟੀ ਅਤੇ ਉਲਟੀ ਰਾਹੀਂ ਸਰੀਰ ਵਿੱਚੋਂ ਬਾਹਰ ਨਿਕਲਦੀ ਹੈ। ਇਸ ਲਈ ਤੁਹਾਡੇ ਬੱਚੇ ਦੀ ਕੀਮੋਥੈਰੇਪੀ ਚਲਦੀ ਹੋਣ ਸਮੇਂ ਅਤੇ ਆਖਰੀ ਖੁਰਾਕ ਤੋਂ 48 ਘੰਟਿਆਂ ਬਾਅਦ ਤਕ ਹੇਠ ਲਿਖੀਆਂ ਸਾਵਧਾਨੀਆਂ ਮਹੱਤਵਪੂਰਣ ਹਨ:

- ਆਪਣੇ ਬੱਚੇ ਦੇ ਸਰੀਰ ਦੀ ਰਹਿੰਦ-ਖੂੰਹਦ (ਉਲਟੀ, ਪਿਸ਼ਾਬ, ਟੱਟੀ) ਜਾਂ ਰਹਿੰਦ-ਖੂੰਹਦ ਨਾਲ ਲਿੱਬੜੀਆਂ ਵਸਤਾਂ ਨੂੰ ਸੰਭਾਲਣ ਵੇਲੇ ਡਿਸਪੋਜ਼ੇਬਲ ਨਾਈਟ੍ਰਾਈਲ ਦਸਤਾਨੇ ਪਹਿਨੋ (ਇਹ ਦਵਾਈਆਂ ਵਾਲੇ ਬਹੁਤੇ ਸਟੋਰਾਂ ਅਤੇ ਫਾਰਮੇਸੀਆਂ 'ਤੇ ਉਪਲੱਬਧ ਹਨ)। ਦਸਤਾਨੇ ਉਤਾਰਨ ਤੋਂ ਬਾਅਦ ਹਮੇਸ਼ਾ ਆਪਣੇ ਹੱਥ ਧੋਵੋ।
- ਤੁਹਾਡੇ ਬੱਚੇ ਵੱਲੋਂ ਹਰ ਵਾਰ ਟੌਇਲੈਟ ਦੀ ਵਰਤੋਂ ਕੀਤੇ ਜਾਣ ਤੋਂ ਬਾਅਦ ਸੀਟ ਦੇ ਢੱਕਣ ਨੂੰ ਬੰਦ ਕਰੋ ਅਤੇ ਦੋ ਵਾਰ ਫਲੱਸ਼ ਚਲਾਓ।
- ਜਿਹੜੇ ਕੱਪੜੇ ਜਾਂ ਚਾਦਰਾਂ ਸ਼ਰੀਰ ਦੀ ਰਹਿੰਦ-ਖੂੰਹਦ ਨਾਲ ਲਿੱਬੜੇ ਹੋਣ, ਉਨ੍ਹਾਂ ਨੂੰ ਬਾਕੀ ਕੱਪੜਿਆਂ ਤੋਂ ਵੱਖ ਗਰਮ ਅਤੇ ਸਾਬਣ ਵਾਲੇ ਪਾਣੀ ਨਾਲ ਧੋਵੋ। ਫਿਰ ਉਨ੍ਹਾਂ ਨੂੰ ਆਪਣੀ ਬਾਕੀ ਲਾਂਡਰੀ ਨਾਲ ਦੁਬਾਰਾ ਧੋਵੋ।
- ਜੇਕਰ ਲਿੱਬੜੇ ਹੋਏ ਕੱਪੜੇ ਜਾਂ ਚਾਦਰਾਂ ਨੂੰ ਤੁਰੰਤ ਧੋਤਾ ਨਹੀਂ ਜਾ ਸਕਦਾ ਤਾਂ ਉਨ੍ਹਾਂ ਨੂੰ ਸੀਲਬੰਦ ਪਲਾਸਟਿਕ ਬੈਗ ਵਿੱਚ ਰੱਖੋ।
- ਜਿਹੜੀਆਂ ਗੰਦੀਆਂ ਹੋਈਆਂ ਵਸਤਾਂ ਸਰੀਰ ਦੀ ਰਹਿੰਦ-ਖੂੰਹਦ ਨਾਲ ਨਹੀਂ ਲਿੱਬੜੀਆਂ ਹੁੰਦੀਆਂ, ਉਨ੍ਹਾਂ ਨੂੰ ਆਮ ਵਾਂਗ ਛੂਹਿਆ ਅਤੇ ਆਮ ਕੱਪੜਿਆਂ ਵਾਂਗ ਧੋਤਾ ਜਾ ਸਕਦਾ ਹੈ।

- ਜੇ ਤੁਹਾਡਾ ਬੱਚਾ ਡਾਇਪਰ ਪਹਿਨਦਾ ਹੈ ਤਾਂ ਡਾਇਪਰ ਬਦਲਦੇ ਸਮੇਂ ਡਿਸਪੋਜ਼ੇਬਲ ਨਾਈਟ੍ਰਿਲ ਦਸਤਾਨੇ

ਪਹਿਨੋ ਅਤੇ ਸੁੱਟਣ ਤੋਂ ਪਹਿਲਾਂ ਗੰਦੇ ਡਾਇਪਰ ਨੂੰ ਪਲਾਸਟਿਕ ਦੇ ਬੈਗ ਵਿੱਚ ਸੀਲ ਕਰੋ।

· ਜਦੋਂ ਸੰਭਵ ਹੋਵੇ, ਗਰਭਵਤੀ ਜਾਂ ਦੁੱਧ ਚੁੰਘਾਉਣ ਵਾਲੀਆਂ ਔਰਤਾਂ ਨੂੰ ਬੱਚੇ ਦੀ ਕੀਮੋਥੈਰੇਪੀ ਦੌਰਾਨ ਅਤੇ ਕੀਮੋਥੈਰੇਪੀ ਤੋਂ 48 ਘੰਟੇ ਬਾਅਦ ਤਕ ਬੱਚੇ ਦੇ ਸਰੀਰ ਦੀ ਰਹਿੰਦ-ਖੂੰਹਦ ਨੂੰ ਛੂਹਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਜੇ ਇਸ ਸਮੇਂ ਦੌਰਾਨ ਕਿਸੇ ਗਰਭਵਤੀ ਔਰਤ ਲਈ ਬੱਚੇ ਦੀ ਰਹਿੰਦ-ਖੂੰਹਦ ਨਾਲ ਲਿੱਬੜੀਆਂ ਵਸਤਾਂ ਨੂੰ ਛੂਹਣਾ ਜ਼ਰੂਰੀ ਹੋਵੇ ਤਾਂ ਉਨ੍ਹਾਂ ਨੂੰ ਡਿਸਪੋਜ਼ੇਬਲ ਨਾਈਟ੍ਰਾਈਲ ਦਸਤਾਨੇ ਪਹਿਨਣੇ ਚਾਹੀਦੇ ਹਨ।

## *ਹੋਰ ਸਾਵਧਾਨੀਆਂ*

### ਸੈਂਟਰਲ ਵੀਨਸ ਲਾਈਨ ਐਮਰਜੰਸੀ ਦੇਖਭਾਲ

ਜੇ ਤੁਹਾਡੇ ਬੱਚੇ ਦੇ ਪੀ.ਆਈ.ਸੀ.ਸੀ. ਜਾਂ ਬਾਹਰੀ ਸੈਂਟਰਲ ਵੀਨਸ ਲਾਈਨ ਲੱਗੀ ਹੋਈ ਹੈ ਤਾਂ ਨਲੀ ਜਾਂ ਪੱਟੀ ਦੇ ਨੇੜੇ ਕਦੇ ਵੀ ਕੈਂਚੀ ਦੀ ਵਰਤੋਂ ਨਾ ਕਰੋ। ਜੇ ਤੁਸੀਂ ਲਾਈਨ ਨੂੰ ਕਿਤੇ ਟੁੱਟੀ ਹੋਈ ਜਾਂ ਲੀਕ ਹੁੰਦੀ ਦੇਖਦੇ ਹੋ ਤਾਂ ਟੁੱਟੀ ਹੋਈ ਥਾਂ 'ਤੇ ਲਾਈਨ ਉੱਪਰ ਤੁਰੰਤ ਕਲੈਂਪ ਲਗਾਓ। ਆਪਣੀ ਸਿਹਤ ਸੰਭਾਲ ਟੀਮ ਨਾਲ ਸੰਪਰਕ ਕਰੋ ਅਤੇ ਲਾਈਨ ਨੂੰ ਠੀਕ ਕਰਵਾਉਣ ਲਈ ਆਪਣੇ ਬੱਚੇ ਨੂੰ ਹਸਪਤਾਲ ਜਾਂ ਕਲੀਨਿਕ ਲੈ ਕੇ ਜਾਓ।

### ਦਿਮਾਗ ਦੇ ਟਿਊਮਰ ਅਤੇ/ਜਾਂ ਸ਼ੰਟ (ਦਿਮਾਗ ਵਿੱਚ ਪਾਈ ਖੋਖਲੀ ਟਿਊਬ) ਵਾਲੇ ਮਰੀਜ਼ਾਂ ਲਈ ਸਾਵਧਾਨੀਆਂ

ਜੇ ਤੁਹਾਡੇ ਬੱਚੇ ਨੂੰ ਦਿਮਾਗ ਦਾ ਟਿਊਮਰ ਹੈ ਜਾਂ ਜੇ ਉਸ ਦੇ ਸ਼ੰਟ (ਦਿਮਾਗ ਅੰਦਰੋਂ ਤਰਲ ਕੱਢਣ ਲਈ ਲਗਾਈ ਖੋਖਲੀ ਟਿਊਬ) ਲੱਗੀ ਹੈ ਤਾਂ ਤੁਰੰਤ ਆਪਣੀ ਸਿਹਤ ਸੰਭਾਲ ਟੀਮ ਨਾਲ ਸੰਪਰਕ ਕਰੋ ਜੇ ਤੁਹਾਡੇ ਬੱਚੇ ਨੂੰ:

· ਬਹੁਤ ਜ਼ਿਆਦਾ ਜਾਂ ਵਾਰ-ਵਾਰ ਸਿਰ ਦਰਦ ਹੁੰਦਾ ਹੈ
· ਵਾਰ-ਵਾਰ ਉਲਟੀਆਂ ਆਉਂਦੀਆਂ ਹਨ
· ਬਹੁਤ ਜ਼ਿਆਦਾ ਨੀਂਦ ਆਉਂਦੀ ਹੈ
· ਚਿੜਚਿੜਾ ਹੁੰਦਾ ਹੈ
· ਉਲਝਣ ਹੁੰਦੀ ਹੈ
· ਟਿਊਬ ਵਾਲੀ ਥਾਂ ਵਿਖੇ ਸੋਜਿਸ਼ ਜਾਂ ਲਾਲੀ ਹੁੰਦੀ ਹੈ

ਐਮਰਜੰਸੀ ਸੇਵਾਵਾਂ (ਯੂ.ਐੱਸ. ਅਤੇ ਕੈਨੇਡਾ ਵਿੱਚ "911") ਨੂੰ ਤੁਰੰਤ ਕਾਲ ਕਰੋ ਜੇ ਤੁਹਾਡੇ ਬੱਚੇ ਨੂੰ:

· ਦੌਰਾ ਪੈਂਦਾ ਹੈ (ਅਤੇ ਤੁਹਾਨੂੰ ਇਹ ਨਹੀਂ ਦੱਸਿਆ ਗਿਆ ਹੈ ਕਿ ਦੌਰੇ ਦਾ ਪ੍ਰਬੰਧਨ ਘਰ ਵਿੱਚ ਕੀਤਾ ਜਾ ਸਕਦਾ ਹੈ)

### ਓਪਰੇਸ਼ਨ ਤੋਂ ਬਾਅਦ / ਜ਼ਖ਼ਮ ਦੀ ਦੇਖਭਾਲ

ਜੇ ਤੁਹਾਡੇ ਬੱਚੇ ਦੀ ਸਰਜਰੀ ਹੋਈ ਹੈ ਤਾਂ ਨਰਸ ਵੱਲੋਂ ਤੁਹਾਨੂੰ ਜ਼ਖ਼ਮ ਦੀ ਦੇਖਭਾਲ ਕਰਨ ਅਤੇ ਲੋੜ ਪੈਣ 'ਤੇ ਪੱਟੀ ਨੂੰ ਬਦਲਣ ਦੇ ਤਰੀਕੇ ਬਾਰੇ ਦੱਸਿਆ ਜਾ ਸਕਦਾ ਹੈ। ਆਮ ਤੌਰ 'ਤੇ, ਜ਼ਖ਼ਮ ਵਾਲੀ ਥਾਂ ਨੂੰ ਸਾਫ਼ ਅਤੇ ਸੁੱਕਾ ਰੱਖਣਾ, ਅਤੇ ਜਦੋਂ ਤਕ ਜ਼ਖ਼ਮ ਠੀਕ ਨਾ ਹੋ ਜਾਵੇ ਉਦੋਂ ਤਕ ਉਸ ਨੂੰ ਜੋਖਮ ਵਾਲੀਆਂ ਗਤੀਵਿਧੀਆਂ (ਜਿਵੇਂ ਕਿ ਜ਼ਖ਼ਮ ਲਈ ਸਮੱਸਿਆ ਬਣਨ ਵਾਲੀਆਂ ਗਤੀਵਿਧੀਆਂ) ਤੋਂ ਬਚਾਉਣਾ ਮਹੱਤਵਪੂਰਣ ਹੁੰਦਾ ਹੈ।

# ਦਵਾਈਆਂ ਦੇਣੀਆਂ

ਇਹ ਸਮਝਣਾ ਮਹੱਤਵਪੂਰਣ ਹੈ ਕਿ ਤੁਹਾਡੇ ਬੱਚੇ ਨੂੰ ਹਰ ਦਵਾਈ ਕਿਹੜੇ ਕਾਰਣ ਕਰਕੇ ਦਿੱਤੀ ਜਾ ਰਹੀ ਹੈ ਅਤੇ ਹਰ ਇੱਕ ਦਵਾਈ ਨੂੰ ਸਹੀ ਢੰਗ ਨਾਲ ਕਿਵੇਂ ਦੇਣਾ ਹੈ। ਦਵਾਈਆਂ ਦੀਆਂ ਮੁੱਖ ਕਿਸਮਾਂ ਹੇਠ ਲਿਖੇ ਕਾਰਣਾਂ ਲਈ ਹਨ:

- ਕੈਂਸਰ ਦੇ ਟ੍ਰੀਟਮੈਂਟ ਲਈ (ਕੁਝ ਬੱਚੇ ਘਰ ਵਿੱਚ ਇਹ ਦਵਾਈਆਂ ਲੈਣਗੇ)
- ਗੁਝਲਾਂ ਦੀ ਰੋਕਥਾਮ (ਜਿਵੇਂ ਕਿ ਇਨਫੈਕਸ਼ਨ)
- ਲੱਛਣਾਂ ਦਾ ਪ੍ਰਬੰਧਨ (ਜਿਵੇਂ ਕਿ ਦਰਦ ਅਤੇ ਜੀਅ ਕੱਚਾ ਹੋਣਾ)

ਤੁਹਾਡੇ ਘਰ ਜਾਣ ਤੋਂ ਪਹਿਲਾਂ ਤੁਹਾਨੂੰ ਤੁਹਾਡੇ ਬੱਚੇ ਦੀਆਂ ਦਵਾਈਆਂ ਦੀ ਸੂਚੀ ਦਿੱਤੀ ਜਾਵੇਗੀ। ਇਹ ਯਕੀਨੀ ਬਣਾਓ ਕਿ ਤੁਸੀਂ ਹੇਠ ਲਿਖੀਆਂ ਗੱਲਾਂ ਜਾਣਦੇ ਹੋਵੋ:

- ਹਰੇਕ ਦਵਾਈ ਦਾ ਨਾਮ
- ਹਰੇਕ ਦਵਾਈ ਕਿਸ ਲਈ ਹੈ
- ਕਿੰਨੀ ਦਵਾਈ ਦੇਣੀ ਹੈ
- ਦਵਾਈ ਕਦੋਂ ਦੇਣੀ ਹੈ
- ਦਵਾਈ ਕਿਵੇਂ ਦੇਣੀ ਹੈ

ਤੁਹਾਡੇ ਬੱਚੇ ਦੀ ਨਰਸ ਤੁਹਾਨੂੰ ਦਿਖਾ ਸਕਦੀ ਹੈ ਕਿ ਤੁਹਾਡੇ ਬੱਚੇ ਨੂੰ ਹਰ ਦਵਾਈ ਕਿਵੇਂ ਦੇਣੀ ਹੈ। ਘਰ ਜਾਣ ਤੋਂ ਪਹਿਲਾਂ ਆਪਣੇ ਬੱਚੇ ਨੂੰ ਦਵਾਈਆਂ ਦੇਣ ਦਾ ਅਭਿਆਸ ਕਰਨ ਵਾਸਤੇ ਸਮਾਂ ਤੈਅ ਕਰਨ ਲਈ ਨਰਸ ਨਾਲ ਗੱਲ ਕਰੋ। ਘਰ ਜਾਣ ਤੋਂ ਪਹਿਲਾਂ ਫਾਰਮੇਸੀ ਤੋਂ ਆਪਣੇ ਬੱਚੇ ਦੀਆਂ ਦਵਾਈਆਂ ਲੈਣਾ ਸਭ ਤੋਂ ਵਧੀਆ ਰਹੇਗਾ ਕਿਉਂਕਿ ਤੁਸੀਂ ਸਿਹਤ ਸੰਭਾਲ ਟੀਮ ਨਾਲ ਉਨ੍ਹਾਂ ਦਵਾਈਆਂ ਦੀ ਸਮੀਖਿਆ ਕਰ ਸਕੋਗੇ। ਜੇ ਤੁਸੀਂ ਘਰ ਜਾਣ ਤੋਂ ਪਹਿਲਾਂ ਦਵਾਈਆਂ ਨਹੀਂ ਲੈ ਸਕਦੇ ਤਾਂ ਯਕੀਨੀ ਬਣਾਓ ਕਿ ਤੁਹਾਨੂੰ ਪਤਾ ਹੋਵੇ ਕਿ ਦਵਾਈਆਂ ਕਿੱਥੋਂ ਪ੍ਰਾਪਤ ਕਰਨੀਆਂ ਹਨ, ਅਤੇ ਤੁਹਾਡੇ ਬੱਚੇ ਲਈ ਲੋੜੀਂਦੀ ਕੋਈ ਦਵਾਈ ਜੇ ਫਾਰਮੇਸੀ ਕੋਲ ਨਾ ਹੋਵੇ ਤਾਂ ਕੀ ਕਰਨਾ ਹੈ।

ਜੇ ਤੁਹਾਡੇ ਬੱਚੇ ਨੂੰ ਦਵਾਈਆਂ ਲੈਣ ਵਿੱਚ ਮੁਸ਼ਕਲ ਆਉਂਦੀ ਹੈ ਜਾਂ ਤੁਹਾਡਾ ਬੱਚਾ ਗੋਲੀਆਂ ਨਿਗਲ ਨਹੀਂ ਸਕਦਾ ਤਾਂ ਆਪਣੇ ਬੱਚੇ ਦੀ ਨਰਸ ਜਾਂ ਡਾਕਟਰ ਨੂੰ ਦੱਸੋ। ਉਹ ਤੁਹਾਡੇ ਬੱਚੇ ਨੂੰ ਦਵਾਈ ਦੇਣ ਦਾ ਸਭ ਤੋਂ ਵਧੀਆ ਤਰੀਕਾ ਲੱਭਣ ਵਿੱਚ ਤੁਹਾਡੀ ਮਦਦ ਕਰ ਸਕਦੇ ਹਨ। ਤੁਹਾਡੀ ਨਰਸ ਜਾਂ ਚਾਈਲਡ ਲਾਈਫ ਸਪੈਸ਼ਲਿਸਟ ਵੀ ਤੁਹਾਡੇ ਬੱਚੇ ਨੂੰ ਗੋਲੀਆਂ ਨਿਗਲਣ ਬਾਰੇ ਸਿੱਖਣ ਅਤੇ ਅਭਿਆਸ ਕਰਨ ਵਿੱਚ ਮਦਦ ਕਰ ਸਕਦੇ ਹਨ। ਆਪਣੀ ਨਰਸ ਜਾਂ ਡਾਕਟਰ ਨਾਲ ਗੱਲ ਕਰੋ ਕਿ ਜੇ ਤੁਹਾਡਾ ਬੱਚਾ ਘਰ ਵਿੱਚ ਦਵਾਈ ਦੀ ਖੁਰਾਕ ਦੀ ਉਲਟੀ ਕਰ ਦਿੰਦਾ ਹੈ ਤਾਂ ਕੀ ਕਰਨਾ ਹੈ। ਤੁਹਾਡੇ ਘਰ ਵਾਪਸ ਪਰਤਣ ਤੋਂ ਬਾਅਦ:

- ਹਰ ਵਾਰ ਜਦੋਂ ਤੁਸੀਂ ਕਲੀਨਿਕ, ਹਸਪਤਾਲ ਜਾਂ ਐਮਰਜੰਸੀ ਰੂਮ ਵਿੱਚ ਆਓ ਤਾਂ ਆਪਣੇ ਬੱਚੇ ਦੀਆਂ ਦਵਾਈਆਂ ਅਤੇ ਦਵਾਈਆਂ ਦੀ ਸੂਚੀ ਆਪਣੇ ਨਾਲ ਲੈ ਕੇ ਆਓ।
- ਜਦੋਂ ਤੁਹਾਡੇ ਬੱਚੇ ਦੀ ਕਿਸੇ ਵੀ ਦਵਾਈ ਦੀ ਸਪਲਾਈ ਘੱਟ ਹੋ ਰਹੀ ਹੋਵੇ ਤਾਂ ਆਪਣੇ ਡਾਕਟਰ ਜਾਂ ਨਰਸ ਨੂੰ ਤੁਰੰਤ ਦੱਸੋ।
- ਆਪਣੇ ਬੱਚੇ ਦੀਆਂ ਦਵਾਈਆਂ ਨੂੰ ਬੱਚਿਆਂ ਅਤੇ ਪਾਲਤੂ ਜਾਨਵਰਾਂ ਦੀ ਪਹੁੰਚ ਤੋਂ ਦੂਰ, ਸੁਰੱਖਿਅਤ ਥਾਂ 'ਤੇ ਤਾਲ਼ਾਬੰਦ ਕਰਕੇ ਰੱਖੋ।

# *ਆਪਣੀ ਸਿਹਤ ਸੰਭਾਲ ਟੀਮ ਤੋਂ ਪੁੱਛਣ ਲਈ ਨੋਟ ਕਰਨ ਯੋਗ ਗੱਲਾਂ ਅਤੇ ਸਵਾਲ*

ਅਸੀਂ ਉਮੀਦ ਕਰਦੇ ਹਾਂ ਕਿ ਇਹ ਰੋਗ ਦੀ ਪਛਾਣ ਸੰਬੰਧੀ ਇਹ *ਨਵੀਂ ਤਸ਼ਖੀਸ ਗਾਈਡ* ਮਦਦਗਾਰ ਹੋਵੇਗੀ। ਅਸੀਂ ਇਸ ਨੂੰ ਇਸ ਲਈ ਤਿਆਰ ਕੀਤਾ ਹੈ ਤਾਂ ਕਿ ਤੁਹਾਡੇ ਬੱਚੇ ਵਿੱਚ ਰੋਗ ਦੀ ਪਛਾਣ ਕੀਤੇ ਜਾਣ ਦੇ ਤੁਰੰਤ ਬਾਅਦ ਤੁਹਾਨੂੰ ਸਭ ਤੋਂ ਮਹੱਤਵਪੂਰਣ ਜਾਣਕਾਰੀ ਪ੍ਰਦਾਨ ਕੀਤੀ ਜਾ ਸਕੇ। ਇਨ੍ਹਾਂ ਵਿੱਚੋਂ ਕਿਸੇ ਵੀ ਵਿਸ਼ੇ ਬਾਰੇ ਵਧੇਰੇ ਜਾਣਕਾਰੀ ਲਈ, ਅਤੇ ਇੱਥੇ ਸ਼ਾਮਲ ਨਾ ਕੀਤੇ ਗਏ ਹੋਰਨਾਂ ਵਿਸ਼ਿਆਂ ਲਈ, ਕਿਰਪਾ ਕਰਕੇ ਚਿਲਡਰਨ'ਜ਼ ਆਨਕਾਲੋਜੀ ਗਰੁੱਪ *ਫੈਮਲੀ ਹੈਂਡਬੁੱਕ* ਦਾ ਪੂਰਾ ਸੰਸਕਰਣ ਦੇਖੋ, ਜਾਂ ਆਪਣੀ ਸਿਹਤ ਸੰਭਾਲ ਟੀਮ ਨਾਲ ਗੱਲ ਕਰੋ।